# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ ਭਾਗ ਪਹਿਲਾ — ਸਮੈਸਟਰ ਪਹਿਲਾ

ਪੇਪਰ : ਛੇਵਾਂ (ਲਾਇਬ੍ਰੇਰੀ ਸਾਧਨ ਅਤੇ ਆਰਟ ਇਨ ਐਜੂਕੇਸ਼ਨ) — ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

2.1 : ਕਲਾ ਅਤੇ ਸੁਹਜ: ਸਕੂਲੀ ਸਿੱਖਿਆ ਦੇ ਸੈਕੰਡਰੀ ਦਰਜੇ ਦੀ ਕਲਾ ਅਤੇ ਸੁਹਜ ਦੇ ਅਰਥ, ਆਮ ਵਿਚਾਰ ਅਤੇ ਮਹੱਤਤਾ

2.2 : ਸਿੱਖਿਆ ਵਿਚ ਕਲਾ: ਉਦੇਸ਼ ਅਤੇ ਟੀਚੇ, ਬਾਲ ਵਿਕਾਸ ਵਿੱਚ ਕਲਾ ਦੀ ਮਹੱਤਤਾ

2.3 : ਪ੍ਰਦਰਸ਼ਨੀਆਂ ਦੀ ਮਹੱਤਤਾ ਅਤੇ ਸਭਿਆਚਾਰਕ ਮੇਲੇ

**Website : www.pbidde.org**

---

ਪਾਠ ਨੰ: 2.1

ਲੇਖਿਕਾ– ਸੋਨੂ ਪੰਨੂੰ

---

## ਕਲਾ ਅਤੇ ਸੁਹਜ; : ਸਕੂਲੀ ਸਿੱਖਿਆ ਦੇ ਸਕੈਡੰਰੀ ਦਰਜੇ ਦੀ ਕਲਾ ਅਤੇ ਸੁਹਜ ਦੇ ਅਰਥ, ਆਮ ਵਿਚਾਰ ਅਤੇ ਮਹੱਤਤਾ

### ਪਾਠ ਦੀ ਬਣਤਰ

2.1.1 ਪਾਠ ਦੇ ਉਦੇਸ਼

2.1.2 ਕਲਾ ਦੀ ਜਾਣ-ਪਛਾਣ

2.1.3 ਕਲਾ ਦਾ ਅਰਥ

2.1.4 ਸੁਹਜ ਉੱਤੇ ਆਮ ਵਿਚਾਰ (ਜਾਂ ਧਾਰਨਾਵਾਂ)

2.1.5 ਕਲਾ ਦੀ ਮਹੱਤਤਾ

2.1.6 ਸਕੂਲੀ ਸਿੱਖਿਆ ਦੀ ਸੈਕੰਡਰੀ ਪੱਧਰ ਤੇ ਮਹੱਤਤਾ

2.1.7 ਸਾਰ

2.1.8 ਮੁੱਖ ਬਿੰਦੂ

2.1.9 ਸੁਝਾਏ ਗਏ ਪ੍ਰਸ਼ਨ

2.1.10 ਸਵੈ-ਮੁਲਾਂਕਣ

2.1.11 ਸੁਝਾਈਆਂ ਪੁਸਤਕਾਂ

### 2.1.1 ਪਾਠ ਦੇ ਉਦੇਸ਼

1. ਕਲਾ ਦੇ ਅਰਥ ਅਤੇ ਮਹੱਤਤਾ ਨੂੰ ਜਾਨਣਾ।
2. ਕਲਾ ਅਤੇ ਸੁਹਜ ਦੀ ਵਿਚਾਰਧਾਰਾ ਨੂੰ ਸਮਝਣਾ।

3. ਸਕੂਲੀ ਪੜ੍ਹਾਈ ਦੇ ਸਕੈਂਡਰੀ ਦਰਜੇ ਉੱਤੇ ਕਲਾ ਦੀ ਮਹੱਤਤਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ।

### 2.1.2 **ਕਲਾ ਦੀ ਜਾਣ ਪਛਾਣ**

ਜਦੋਂ ਸ਼ਬਦ ਕਲਾ ਵਰਤਿਆ ਜਾਂਦਾ ਹੈ ਤਾਂ ਸਾਡੇ ਦਿਮਾਗ ਅੰਦਰ ਪਹਿਲਾ ਵਿਚਾਰ ਚਿੱਤਰ ਕਲਾ ਅਤੇ ਰੰਗ ਭਰਨਾ ਆਉਂਦਾ ਹੈ। ਇਹ ਕਲਾ ਦਾ ਕੋਝਾ ਵਿਚਾਰ ਹੈ। ਸੰਗੀਤ, ਕਵਿਤਾ, ਡਰਾਮਾ, ਵਾਰਤਕ, ਬੁਤਕਲਾ, ਰੰਗ ਭਰਨਾ ਅਤੇ ਚਿੱਤਰ ਕਲਾ ਇਹ ਸਭ ਕਲਾ ਦੀਆਂ ਕਿਸਮਾਂ ਹਨ। ਕਲਾ ਇੱਕ ਦਰਸਾਉਣ ਦਾ ਤਰੀਕਾ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ, ਭਾਵਨਾਵਾਂ, ਜੋਸ਼ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਦਾ ਹੈ।

ਕਲਾ ਸਰਬ ਵਿਆਪਕ ਹੈ। ਅਸੀਂ ਇਸ ਕਲਾ ਵਿੱਚ ਘਿਰੇ ਹੋਏ ਹਾਂ। ਕਲਾ ਇੱਕ ਸ਼ੀਸ਼ਾ ਹੈ ਜਿਸ ਨਾਲ ਇੱਕ ਇਨਸਾਨ ਹੌਲੀ-ਹੌਲੀ ਲਗਾਤਾਰ ਹੋਣ ਵਾਲੀ ਆਪਣੀ ਸ਼ਖਸੀਅਤ ਦੀ ਉਤਪਤੀ ਦੇਖ ਸਕਦਾ ਹੈ। ਪੜ੍ਹਾਈ ਦੇ ਖੇਤਰ ਵਿੱਚ ਕਲਾ ਕਿਸੇ ਦੇਸ਼ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ।

ਕਲਾ ਜਾਤੀ ਤਜ਼ਰਬਿਆਂ ਦੀ ਉਪਜ ਹੈ। ਇਨਸਾਨ ਆਪਣੇ ਆਪ ਵਿੱਚ ਕਿੱਥੇ ਖੜ੍ਹਾ ਹੈ, ਉਸਦਾ ਯਕੀਨ ਕੀ ਹੈ, ਉਹ ਜ਼ਿੰਦਗੀ ਦੇ ਗੰਭੀਰ ਪਲਾਂ ਵਾਸਤੇ ਕੀ ਅਨੁਭਵ ਕਰਦਾ ਹੈ। ਇਹ ਡੂੰਘੇ ਵਿਚਾਰ ਅਤੇ ਪੱਕੇ ਭਰੋਸੇ ਪੈਦਾ ਕਰਦੀ ਹੈ। ਤੁਹਾਡੇ ਅੰਦਰ ਦੀਆਂ ਹਾਵ ਭਾਵਨਾਵਾਂ ਅਤੇ ਵਿਚਾਰਾਂ ਨੂੰ ਦਰਸਾਉਂਦੀ ਹੈ। ਇਹ ਸਾਡੇ ਆਸ-ਪਾਸ ਦੀ ਦੁਨੀਆਂ ਨੂੰ ਸਮਝਣ ਵਾਸਤੇ ਨਵੇਂ ਅਤੇ ਮਹੱਤਵਪੂਰਨ ਰਸਤੇ ਖੋਜਣ ਵਿੱਚ ਮੱਦਦ ਕਰਦੀ ਹੈ। ਕਲਾ ਵਿਚਾਰਾਂ ਨੂੰ ਦਰਸਾਉਣ ਦੀ ਭਾਸ਼ਾ ਹੈ। ਕਈ ਵਾਰ ਇਹ ਬਹੁਤ ਡੂੰਘੀਆਂ ਰਮਜ਼ਾਂ ਦਰਸਾਉਂਦੀ ਹੈ ਜਿਹੜੀਆਂ ਕਿ ਕਲਾਕਾਰ ਨੇ ਅਨੁਭਵ ਕੀਤੀਆਂ ਹੁੰਦੀਆਂ ਹਨ।

ਕਲਾ ਮਨ ਵਿੱਚ ਉਸਾਰੂ ਤਰੰਗਾਂ ਪੈਦਾ ਕਰਦੀ ਹੈ। ਇਹ ਜਲਦੀ ਸਮਝ ਆਉਂਦੀ ਹੈ ਇਸ ਲਈ ਬੱਚਿਆਂ ਨੂੰ ਚਿੱਤਰ ਰਾਹੀਂ ਸਮਝਾਇਆ ਜਾਂਦਾ ਹੈ ਜੋ ਕਿ ਜਬਾਨੀ ਜਾਂ ਲਿਖਣ ਨਾਲੋਂ ਵਧੀਆ ਸਮਝਦੇ ਹਨ। ਕਲਾ ਦੀ ਸ਼ਕਤੀ ਇੱਕ ਸਧਾਰਨ ਖੁਸ਼ੀ ਤੋਂ ਡੂੰਘੀਆਂ ਭਾਵਨਾਵਾਂ ਤੱਕ ਹਰ ਕਿਸਮ ਦੀ ਤਰੰਗ ਪੈਦਾ ਕਰਦੀ ਹੈ ਜਿਸ ਨਾਲ ਸਾਡੀਆਂ ਅੱਖਾਂ ਵਿੱਚ ਸਰੂਰ ਆ ਜਾਂਦਾ ਹੈ ਅਤੇ ਸਾਡੇ ਵਿਚਾਰ ਭਰਪੂਰ ਹੋ ਜਾਂਦੇ ਹਨ।

**ਅਲੱਗ-ਅਲੱਗ ਕਲਾਕਾਰਾਂ ਵੱਲੋਂ ਦਿੱਤੀਆਂ ਗਈਆਂ ਪ੍ਰਭਿਾਸ਼ਾਵਾਂ :**

**ਰਵਿੰਦਰ ਨਾਥ ਟੈਗੋਰ :** ਕਲਾ ਮਨੁੱਖ ਦੇ ਅਨੁਭਵ ਨੂੰ ਉਜਾਗਰ ਕਰਦੀ ਹੈ।

**ਤਾਲਸਤਾਏ** : ਕਲਾ ਇੱਕ ਭਾਵਨਾਤਮਕ ਕਿਰਿਆ ਜਾਂ ਪ੍ਰਭਾਵ ਹੈ, ਜਿਹੜੀ ਦੇਖਣ ਜਾਂ ਸੁਨਣ ਵਾਲੇ ਨੂੰ ਗੱਦ ਗੱਦ ਕਰ ਦਿੰਦੀ ਹੈ।

**ਰਿਗਵੇਦ** : ਸਾਰੀ ਸੱਚਾਈ, ਭਲਾਈ ਅਤੇ ਸੁੰਦਰਤਾ ਸੋਮਾ ਪ੍ਰਮੇਸ਼ਰ ਹੈ। ਕਲਾ ਸਦੀਵੀ ਹੈ ਇਸਦਾ ਅੰਤ ਨਹੀਂ ਹੈ। ਇਹ ਪ੍ਰਮੇਸ਼ਰ ਦੀ ਆਪਣੀ ਸੁੰਦਰਤਾ ਦਾ ਨਾ ਬਿਆਨਿਆ ਜਾਣ ਵਾਲਾ ਵਰਨਣ ਹੈ।

**ਮਹਾਤਮਾ ਗਾਂਧੀ** : ਕਲਾ ਮਨੁੱਖ ਦੀ ਆਤਮਾ ਦੀ ਨਿਰਮਲਤਾ ਨੂੰ ਬਿਆਨ ਕਰਦੀ ਹੈ, ਮਨੁੱਖ ਬਾਹਰੋਂ ਤਾਂ ਹੀ ਨਿਰਮਲ ਹੈ ਜੇ ਉਹ ਅੰਦਰੋਂ ਹੈ।

**W.H. Hunt :** ਕਲਾ ਦਾ ਕੰਮ ਕੁਦਰਤ ਦੀ ਪ੍ਰਤੀਨਿਧਤਾ ਕਰਨਾ ਹੈ। ਇਸ ਨੂੰ ਦਰਸਾਉਣਾ ਨਹੀਂ।

**Michelagelo :** ਇੱਕ ਸੱਚੀ ਕਲਾ ਮਨੁੱਖੀ ਆਤਮਾ ਦੀ ਇੱਕ ਝਲਕ ਹੈ।

2.1.3. **ਕਲਾ ਦਾ ਅਰਥ** :

ਕਲਾ ਸ਼ਬਦ ਦਾ ਅਰਥ ਯੂਨਾਨੀ ਸ਼ਬਦ 'ar' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਪੈਦਾ ਕਰਨਾ, ਬਣਾਉਣਾ ਅਤੇ ਫਿਟ ਕਰਨਾ। ਸੰਸਕ੍ਰਿਤ ਭਾਸ਼ਾ ਵਿੱਚ ਇਹ 'ਕਾਲ' ਸ਼ਬਦ ਤੋਂ ਲਿਆ ਗਿਆ ਹੈ ਜਿਸਦਾ ਮਤਲਬ ਹੈ ਕਿਸੇ ਨੂੰ ਪ੍ਰਭਾਵਿਤ ਕਰਨਾ ਜਾਂ ਪ੍ਰਸੰਨ ਕਰਨਾ।

ਸੋ ਸ਼ਬਦ ਕਲਾ ਤੋਂ ਦੋ ਭਾਵ ਹਨ।

1. ਸੁੰਦਰਤਾ, ਮਿਠਾਸ, ਦੇਣ ਯੋਗ ਅਤੇ ਪ੍ਰਸੰਨਤਾ ਦੇਣ ਵਾਲੀ।
2. ਕੁਝ ਯੋਗਤਾ, ਕੁਝ ਦਸਤਕਾਰੀ, ਕੁਝ ਖਾਸ ਪ੍ਰਵੀਨਤਾ।

ਕਲਾ ਇੱਕ ਜ਼ਰੀਆ ਹੈ ਜਿਸ ਰਾਹੀਂ ਮਨੁੱਖ ਆਪਣੇ ਹਾਵ-ਭਾਵ ਅਤੇ ਤਰੰਗਾਂ ਬਿਆਨ ਕਰਦਾ ਹੈ। ਕਲਾ ਮਨੁੱਖ ਦੇ ਮਨ ਦੇ ਬੋਝ ਨੂੰ ਦੂਰ ਕਰਦੀ ਹੈ। ਸੋ ਇਹ ਆਪਣੇ ਆਪ ਵਿੱਚ ਮਨੋਵਿਗਿਆਨਕ ਹੈ। ਸਮਾਜ ਵਿੱਚ ਕੋਈ ਵੀ ਮਨੁੱਖ ਇਸਦੇ ਅਸਰ ਤੋਂ ਵਾਂਝਿਆ ਨਹੀਂ ਰਹਿ ਸਕਦਾ।

2.1.4. **ਸੁਹਜਾਤਮਕ** (Aesthetics) **ਦੀਆਂ ਧਾਰਨਾਵਾਂ** :

ਸੁਹਜ ਫਿਲਾਸਫੀ ਦੀ ਸ਼ਾਖਾ ਹੈ ਜਿਹੜੀ ਕੁਦਰਤ ਦੀ ਸੁੰਦਰ ਕਲਾ ਅਤੇ ਉਸਦੇ ਆਨੰਦ ਨੂੰ ਦਰਸਾਉਂਦੀ ਹੈ। ਨਾਲ ਹੀ ਇਹ ਸੁੰਦਰਤਾ ਪੈਦਾ ਕਰਦੀ ਹੈ ਅਤੇ ਉਸਦੀ ਪ੍ਰਸੰਸਾ ਕਰਦੀ ਹੈ। ਸੁਹਜਾਤਮਕ ਨੂੰ ਸੁੰਦਰਤਾ ਦੇ ਆਧਾਰ ਤੇ ਜਾਂ ਕਲਾ

ਦੀ ਫਿਲਾਸਫੀ ਕਰਕੇ ਬਿਆਨਿਆ ਜਾ ਸਕਦਾ ਹੈ। ਸੁਹਜਾਤਮਕ ਦਾ ਵਿਸਥਾਰ ਕਲਾ ਦੀ ਫਿਲਾਸਫੀ ਤੋਂ ਵੀ ਜ਼ਿਆਦਾ ਹੈ। ਫਿਲਾਸਫੀ ਇਸ ਕਲਾ ਦੀ ਇੱਕ ਸ਼ਾਖਾ ਹੈ। ਇਹ ਸਿਰਫ਼ ਕਲਾ ਦੀਆਂ ਕਦਰਾਂ-ਕੀਮਤਾਂ ਨਾਲ ਹੀ ਸੰਬੰਧਿਤ ਨਹੀਂ ਬਲਕਿ ਇਹ ਕੁਦਰਤ ਦੇ ਉਹ ਪਦਾਰਥ ਜਿਹੜੇ ਸੁੰਦਰਤਾ ਅਤੇ ਕੁਹਜਾਪਨ ਨੂੰ ਦਰਸਾਉਂਦੇ ਹਨ।

**ਅਰਥ :**

ਇਹ ਸ਼ਬਦ ਯੂਨਾਨ ਦੇ ਸ਼ਬਦ aisthetikos ਤੋਂ ਲਿਆ ਗਿਆ ਹੈ ਜਿਸਦਾ ਮਤਲਬ "esthetic, sensitive, sentiment" ਹੈ ਜਿਹੜਾ ਅੱਗੋਂ ਸ਼ਬਦ aisthanomai ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ "perceive, feel, sense" ਹੈ।

Aesthetics ਨੂੰ esthetics ਵੀ ਪੜ੍ਹਿਆ ਜਾਂਦਾ ਹੈ। ਜਿਸਨੂੰ ਫਿਲਾਸਫੀ ਦੇ ਤੌਰ ਤੇ ਸੁੰਦਰਤਾ ਅਤੇ ਆਨੰਦ ਨਾਲ ਜ਼ਿਆਦਾ ਜਾਣਿਆ ਜਾਂਦਾ ਹੈ। ਇਸਦਾ ਕਲਾ ਦੀ ਫਿਲਾਸਫੀ ਨਾਲ ਨੇੜੇ ਦਾ ਸੰਬੰਧ ਹੈ ਜਿਹੜੀ ਕਿ ਕਲਾ ਦੇ ਸੁਭਾਅ ਨੂੰ ਦਰਸਾਉਂਦੀ ਅਤੇ ਅੰਕਣ ਕਰਦੀ ਹੈ।

2.1.5 **ਕਲਾ ਦੀ ਮਹੱਤਤਾ :**

ਸਿੱਖਿਆ ਦੇ ਸੰਸਾਰ ਵਿੱਚ ਕਲਾ ਦਾ ਬਹੁਤ ਵੱਡਾ ਰੁਤਬਾ ਹੈ ਜੋ ਸਕੂਲਾਂ ਵਿੱਚ ਲਾਗੂ ਕੀਤਾ ਗਿਆ ਹੈ। ਭਾਵੇਂ ਇਹ ਪਿਛਲੇ ਸਮੇਂ ਵਿੱਚ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਿਲ ਨਹੀਂ ਸੀ।

"ਕਲਾ ਇੱਕ ਵਰਨਣ ਕਰਨ ਦਾ ਢੰਗ ਹੈ।" ਕਲਾ ਇਨਸਾਨ ਨੂੰ ਆਪਣੇ ਖਿਆਲ, ਵਿਚਾਰ, ਭਾਵਨਾਵਾਂ, ਵਿਸ਼ਵਾਸ ਅਤੇ ਇਰਾਦਿਆਂ ਨੂੰ ਵਰਨਣ ਕਰਨ ਦੇ ਯੋਗ ਬਣਾਉਂਦੀ ਹੈ। ਕਲਾ ਵਿਦਿਆਰਥੀਆਂ ਵਾਸਤੇ ਆਪਣੇ ਆਪ ਨੂੰ ਦਰਸਾਉਣ ਵਾਸਤੇ ਇੱਕ ਮੰਚ (ਸਟੇਜ) ਪ੍ਰਦਾਨ ਕਰਦੀ ਹੈ। ਇੱਕ ਬੱਚਾ ਬਹੁਤ ਹੀ ਆਰਾਮ ਮਹਿਸੂਸ ਕਰਦਾ ਹੈ ਜਦੋਂ ਉਹ ਆਪਣੇ ਵਿਚਾਰ ਦੀ ਚਿੱਤਰਕਲਾ ਨਾਲ ਇੱਕ ਰੱਦੀ ਜਿਹੇ ਧਰਾਤਲ ਉੱਤੇ ਉਲੀਕਦਾ ਹੈ। ਭਾਵੇਂ ਉਸਦੀਆਂ ਕੋਸ਼ਿਸ਼ਾਂ ਅਧੂਰੀਆਂ ਅਤੇ ਆਕਰਸ਼ਨ ਰਹਿਤ ਹੀ ਹਨ।

ਅਜੋਕੇ ਸਮੇਂ ਵਿੱਚ ਕਲਾ ਸਕੂਲ ਕਾਰਜਸ਼ੈਲੀ ਦਾ ਇੱਕ ਹਿੱਸਾ ਹੀ ਨਹੀਂ ਹੈ ਬਲਕਿ ਸਕੂਲ ਦੀਆਂ ਸਾਰੀਆਂ ਕਾਰਜ ਸ਼ੈਲੀਆਂ ਦਾ ਕੇਂਦਰ ਬਿੰਦੂ ਹੈ। ਕਲਾ ਸਕੂਲ ਵਿੱਚ ਕਈ ਕਿਸਮਾਂ ਨਾਲ ਚਾਲੂ ਕੀਤੀ ਗਈ ਹੈ ਜਿਵੇਂ ਕਿ ਪੇਂਟਿੰਗ, ਮਿਊਜ਼ਿਕ, ਸੰਗੀਤ, ਡਾਂਸਿੰਗ, ਕਰਾਫਟ ਆਦਿ। ਕਲਾ ਬੱਚਿਆਂ ਦੇ ਸਰਬਪੱਖੀ ਵਿਕਾਸ ਵਾਸਤੇ ਬਹੁਤ ਹੀ

ਮਹੱਤਵਪੂਰਨ ਹੈ। ਦਿਮਾਗੀ, ਸਮਾਜਿਕ, ਮਾਨਸਿਕ, ਵਿੱਦਿਆ ਅਤੇ ਇਖਲਾਕੀ ਪ੍ਰਗਤੀ ਵਿੱਚ ਕਲਾ ਦਾ ਬਹੁਤ ਵੱਡਾ ਯੋਗਦਾਨ ਹੈ।

### 2.1.6 **ਸਕੂਲੀ ਸਿੱਖਿਆ ਦੀ ਸੈਕੰਡਰੀ ਪੱਧਰ ਤੇ ਮਹੱਤਤਾ :**

ਭਾਵਨਾਵਾਂ ਨੂੰ ਬਿਆਨ ਕਰਨ ਅਤੇ ਦਿਖਾਉਣ ਲਈ ਸਕੂਲ ਸੁਭਾਵਿਕ ਹੀ ਤਬਦੀਲੀ ਲਿਆ ਸਕਦਾ ਹੈ। ਵਿੱਦਿਅਕ ਕਲਾ ਦਾ ਇੱਕ ਹੋਰ ਮਕਸਦ ਹੈ : ਦੇਖਭਾਲ ਕਰਨ ਦੀ ਸ਼ਕਤੀ ਨੂੰ ਸਹੀ ਢੰਗ ਨਾਲ ਵਧਾਉਣਾ, ਸ਼ੁੱਧਤਾ ਦੀ ਕੀਮਤ ਮਹਿਸੂਸ ਕਰਨਾ ਅਤੇ ਕੁਝ ਕਰਨ ਦੀ ਸ਼ਕਤੀ ਪੈਦਾ ਕਰਨਾ। ਬੱਚੇ ਦੇ ਕੁਦਰਤੀ ਵਿਕਾਸ ਵਿੱਚ ਵਾਧੇ ਲਈ ਹੌਸਲਾ ਦੇਣਾ, ਕੁਦਰਤੀ ਸੁੰਦਰਤਾ ਨੂੰ ਠੀਕ ਤਰ੍ਹਾਂ ਜਾਨਣਾ ਅਤੇ ਦਸਤਕਾਰੀ ਵਿੱਚ ਕੀ ਅਛਾਈ ਅਤੇ ਇਮਾਨਦਾਰੀ ਹੈ, ਇਹ ਵੀ ਇਸਦਾ ਇੱਕ ਨਿਸ਼ਾਨਾ ਹੈ।

ਕਲਾ (ਆਰਟਸ) ਸਕੂਲ ਵਿੱਚ ਇੱਕ ਵੱਖਰਾ ਵਿਸ਼ਾ ਨਹੀਂ ਬਲਕਿ ਬੱਚੇ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਅਤੇ ਮਹੱਤਵਪੂਰਨ ਵਿਸ਼ਾ ਹੈ। ਇਹ ਵਿਦਿਆਰਥੀਆਂ ਨੂੰ ਔਖੇ ਵਿਸ਼ਿਆਂ ਦੀ ਥਕਾਨ ਤੋਂ ਮੁਕਤ ਕਰਨ ਦੀ ਮੱਦਦ ਕਰਦਾ ਹੈ। ਜਿਵੇਂ ਕਿ :

1. ਸਿਰਜਨਾਤਮਕ ਦੇ ਰਾਹ ਖੋਲ੍ਹਣਾ।
2. ਮਨ ਦੀਆਂ ਕਲਪਨਾਵਾਂ ਦਾ ਵਿਕਾਸ।
3. ਸੁਹਜਾਤਮਿਕ ਕੀਮਤਾਂ ਦਾ ਵਿਕਾਸ।
4. ਮਨ ਦੀ ਸ਼ਾਂਤੀ ਅਤੇ ਵਿਕਾਸ।

ਬਹੁਤ ਸਾਰੀਆਂ ਥਾਵਾਂ ਤੇ ਵਿਦਿਅਕ ਸੰਸਥਾਵਾਂ ਦੀ ਕਲਾ ਭੂਮਿਕਾ ਸ਼ਾਲਾਘਾਯੋਗ ਰਹੀ ਹੈ ਪਰ ਫਿਰ ਵੀ ਬਹੁਤ ਸਾਰੇ ਸਕੂਲਾਂ ਵਿੱਚ ਉਸਨੂੰ ਲਾਗੂ ਕਰਨ ਵਿੱਚ ਵਿਭਿੰਨਤਾ ਹੈ, ਜਿੱਥੇ ਇਸਨੇ ਸਹੀ ਢੰਗ ਨਾਲ ਵਿਸਤਾਰ ਕਰਨਾ ਹੈ ਜਿਵੇਂ ਕਿ ਰੁਚੀ ਵਾਲੀਆਂ ਕਲਾਸਾਂ ਜਾਂ ਕਦੇ-ਕਦੇ ਮਨਾਏ ਜਾਣ ਵਾਲੇ ਤਿਉਹਾਰ ਹਨ। ਸਕੂਲਾਂ ਅਤੇ ਸੰਸਥਾਵਾਂ ਤੋਂ ਪ੍ਰੇਰਨਾਤਮਿਕ ਵਿਦਿਆ ਮਿਲਦੀ ਹੈ ਇਨ੍ਹਾਂ ਨਾਲ ਸੰਬੰਧ ਰੱਖਣ ਨਾਲ ਵਿੱਦਿਅਕ ਕਲਾ ਨੂੰ ਸਕੂਲਾਂ ਵਿੱਚ ਲਾਗੂ ਕਰਨ ਦਾ ਬਹੁਤ ਵਧੀਆ ਹੁੰਗਾਰਾ ਮਿਲੇਗਾ। ਵਿੱਦਿਅਕ ਕਲਾ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :

1. ਜਾਤੀ ਤੌਰ ਤੇ ਵਿਸ਼ੇ ਪੜ੍ਹਾਉਣ ਦੀ ਕਲਾ ਬਹੁਤ ਸਾਰੇ ਤਰੀਕਿਆਂ ਰਾਹੀਂ ਹੋ ਸਕਦੀ ਹੈ, ਤਾਂ ਕਿ ਵਿਦਿਆਰਥੀਆਂ ਵਿੱਚ ਕਲਾ ਯੋਗਤਾ, ਚੇਤਨਾ ਅਤੇ ਕਲਾ ਲਈ ਸ਼ਲਾਘਾ ਪੈਦਾ ਹੋ ਸਕੇ।
2. ਕਲਾ ਅਤੇ ਵਿਰਸਾ ਜੋ ਪਾਠਕ੍ਰਮ ਨਾਲ ਹੈ, ਉਸਨੂੰ ਜਾਨਣ ਦੀ ਪ੍ਰਕਿਰਿਆ ਨੂੰ ਦੇਖਿਆ ਜਾਣਾ।

ਕਲਾ ਵਿੱਦਿਆ, ਕਲਾ ਨੂੰ ਇੱਕ ਸਾਧਨ ਦੇ ਤੌਰ 'ਤੇ ਵਰਤਦੀ ਹੈ ਜਿਵੇਂ ਕਿ ਆਮ ਪਾਠਕ੍ਰਮ ਦੇ ਵਿਸ਼ਿਆਂ ਨੂੰ ਪੜ੍ਹਾਉਣਾ ਅਤੇ ਇਨ੍ਹਾਂ ਵਿਸ਼ਿਆਂ ਨੂੰ ਡੂੰਘਾਈ ਨਾਲ ਜਾਨਣਾ। ਇਹ ਆਪਣੀਆਂ ਸੇਵਾ ਨਾਲ ਸਕੂਲ ਨੂੰ ਵਿੱਦਿਆ ਵਿੱਚ ਸਹਾਇਤਾ ਕਰਦੀ ਹੈ। ਇਹ ਦੂਸਰੇ ਵਿਸ਼ਿਆਂ ਨੂੰ ਸੌਖਾ ਅਤੇ ਦਿਲਚਸਪ ਬਣਾਉਂਦੀ ਹੈ। ਇਹ ਨਾ ਸਮਝੇ ਜਾਣ ਵਾਲੇ ਵਿਸ਼ਿਆਂ ਨੂੰ ਸੌਖਾ ਬਣਾਉਂਦੀ ਹੈ।

**ਇੱਕ ਸਕੂਲੀ ਵਿਸ਼ੇ ਦੇ ਤੌਰ ਤੇ ਕਲਾ ਦੀ ਮਹੱਤਤਾ ਇਸ ਤਰ੍ਹਾਂ ਹੈ :**

1. ਕਲਾ ਗਿਆਨ ਨੂੰ ਦਿਲਚਸਪ ਬਣਾਉਂਦੀ ਹੈ : ਕਲਾ ਦੀ ਮੱਦਦ ਨਾਲ ਅਸੀਂ ਲਿਖਤੀ ਵਿਸ਼ਿਆਂ ਨੂੰ ਸੌਖੇ ਅਤੇ ਦਿਲਚਸਪ ਬਣਾ ਸਕਦੇ ਹਾਂ। ਜਦੋਂ ਅਸੀਂ ਕਿਸੇ ਲਿਖਤੀ ਵਿਸ਼ੇ ਨੂੰ ਨਜ਼ਰ ਪੱਖੋਂ ਦੇਖਦੇ ਹਾਂ ਤਾਂ ਉਹ ਬਹੁਤ ਦਿਲਚਸਪ ਬਣ ਜਾਂਦਾ ਹੈ। ਜਿਵੇਂ ਕਿ ਗਣਿਤ ਦਾ ਵਿਸ਼ਾ ਹੀ ਲੈ ਲਵੋ, ਜਦੋਂ ਅਸੀਂ ਕਿਸੇ ਬੱਚੇ ਨੂੰ ਜਮ੍ਹਾਂ ਜਾਂ ਮਨਫੀ ਦੇ ਸਵਾਲ ਸਿਖਾਉਂਦੇ ਹਾਂ ਤਾਂ ਅਸੀਂ 2+2=4 ਲਿਖਦੇ ਹਾਂ। ਇਸ ਦੀ ਬਜਾਇ ਅਸੀਂ ਦੋ ਸੇਬ ਅਤੇ ਦੋ ਕੇਲੇ ਦੀ ਤਸਵੀਰ ਬਣਾ ਕੇ ਪੜ੍ਹਾਵਾਂਗੇ ਤਾਂ ਉਹ ਵਧੀਆ ਢੰਗ ਨਾਲ ਸਮਝ ਜਾਵੇਗਾ। ਫਿਰ ਅਸੀਂ ਵਿਦਿਆਰਥੀਆਂ ਨੂੰ ਗਿਣਤੀ ਸਿਖਾਉਂਦੇ ਹਾਂ, ਉਹ ਚੀਜ਼ਾਂ ਨਾਲ ਗਿਣਤੀ ਛੇਤੀ ਸਿੱਖਣਗੇ ਕਿਉਂਕਿ ਚੀਜ਼ਾਂ ਗਿਣਨ ਵਿੱਚ ਉਨ੍ਹਾਂ ਦੀ ਦਿਲਚਸਪ ਖੇਡ ਹੈ। ਇਸ ਤਰ੍ਹਾਂ ਹੀ ਅਸੀਂ ਇਸ ਨੂੰ ਜਗ੍ਰਾਫੀ ਅਤੇ ਭਾਸ਼ਾ ਆਦਿ ਉੱਤੇ ਵੀ ਅਜ਼ਮਾ ਸਕਦੇ ਹਾਂ। ਇਸ ਲਈ ਕਲਾ ਗਿਆਨ ਨੂੰ ਦਿਲਚਸਪ ਬਣਾਉਣ ਵਿੱਚ ਬੜੀ ਲਾਹੇਵੰਦ ਹੈ। ਜਦੋਂ ਅਸੀਂ ਬੱਚਿਆ ਨੂੰ ਕਹਾਣੀ ਦੱਸਦੇ ਹਾਂ। ਉਸਦਾ ਘੱਟ ਪ੍ਰਭਾਵ ਪੈਂਦਾ ਹੈ। ਜਦੋਂ ਅਸੀਂ ਉਸ ਕਹਾਣੀ ਦੇ ਸੰਬੰਧ ਵਿੱਚ ਤਸਵੀਰ ਵਿਖਾ ਕੇ ਦੱਸਦੇ ਹਾਂ ਤਾਂ ਉਹ ਹੋਰ ਦਿਲਚਸਪੀ ਦਿਖਾਉਂਦੇ ਹਨ। ਇਸ ਨਾਲ ਉਨ੍ਹਾਂ ਦੇ ਸਿੱਖਣ ਵਿੱਚ ਵਾਧਾ ਹੁੰਦਾ ਹੈ।

2. ਇਹ ਸੁਹਜਾਤਮਿਕ ਸ਼ਕਤੀ ਦਾ ਵਿਕਾਸ ਕਰਦੀ ਹੈ : ਕਲਾ ਸੁਹਜਾਤਮਿਕ ਨੂੰ ਪ੍ਰਫੁੱਲਿਤ ਕਰਨ ਵਿੱਚ ਮੱਦਦ ਕਰਦੀ ਹੈ ਇਸ ਦੀ ਮੱਦਦ ਨਾਲ ਇਨਸਾਨ ਕਿਸੇ ਕੰਮ ਦੀ ਸ਼ਲਾਘਾ ਜਾਂ ਨਿੰਦਿਆ ਕਰਨ ਦੇ ਯੋਗ ਹੋ ਜਾਂਦਾ ਹੈ।

ਸੁਹਜਾਤਮਿਕ ਗਿਆਨ ਦੀ ਮੱਦਦ ਨਾਲ ਅਸੀਂ ਕਿਸੇ ਚੀਜ਼ ਨੂੰ ਸੁੰਦਰ ਬਣਾ ਸਕਦੇ ਹਾਂ। ਕਲਾ ਤੋਂ ਬਿਨਾਂ ਸ਼ਹਿਰਾਂ ਦੇ ਸੁਹਪਣ ਇੱਕ ਕੈਬਨ ਬਣ ਕੇ ਹੀ ਰਹਿ ਜਾਣਗੇ। ਕਿਸੇ ਬੁਤਘਾੜੇ ਤੋਂ ਬਿਨਾਂ ਅਸੀਂ ਬੁਤ ਨਹੀਂ ਬਣਾ ਸਕਾਂਗੇ। ਇਸ ਲਈ ਇਹ ਇੱਕ ਸੁਹਜਾਤਮਿਕ ਗਿਆਨ ਹੀ ਹੈ ਜਿਹੜਾ ਚੀਜ਼ਾਂ ਨੂੰ ਸੁੰਦਰ ਅਤੇ ਮਨ-ਭਾਉਣੀ ਬਣਾਂਦਾ ਹੈ।

3. ਦੂਸਰੇ ਵਿਸ਼ਿਆਂ ਨਾਲ ਸੰਬੰਧ : ਕਲਾ ਨੂੰ ਔਖੇ ਲਿਖਤੀ ਵਿਸ਼ਿਆਂ ਨਾਲ ਜੋੜ ਕੇ ਅਸੀਂ ਉਨ੍ਹਾਂ ਨੂੰ ਜ਼ਿਆਦਾ ਦਿਲਚਸਪ ਅਤੇ ਸੌਖਿਆਂ ਸਮਝ ਸਕਦੇ ਹਾਂ। ਇੱਕ ਜਾਂ ਦੋ ਵਿਸ਼ਿਆਂ ਨੂੰ ਜੋੜ ਕੇ ਅਸੀਂ ਵਿਦਿਆਰਥੀਆਂ ਦੀ ਸਿੱਖਣ ਸ਼ਕਤੀ ਵਿੱਚ ਵਾਧਾ ਕਰ ਸਕਦੇ ਹਾਂ। ਇਸ ਤਰ੍ਹਾਂ ਨਾਲ ਅਧਿਆਪਕ ਦੇ ਸਮੇਂ ਦੀ ਬੱਚਤ ਹੋਵੇਗੀ ਕਿਉਂਕਿ ਉਹ ਇੱਕ ਪੀਰੀਅਡ ਵਿੱਚ ਦੋ ਵਿਸ਼ੇ ਪੜ੍ਹਾਏਗਾ।

**ਕਲਾ ਨੂੰ ਦੂਜੇ ਵਿਸ਼ਿਆਂ ਨਾਲ ਜੋੜਨ ਦੀਆਂ ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ :**

1. ਵਿਗਿਆਨ : ਕਲਾ ਦਾ ਗਿਆਨ ਰੱਖਣ ਵਾਲੇ ਵਿਦਿਆਰਥੀ ਚਿੱਤਰ ਬਣਾ ਕੇ ਆਪਣਾ ਪ੍ਰੈਕਟੀਕਲ ਦਾ ਕੰਮ ਜਿਵੇਂ ਕਿ ਸਰੀਰ ਦੇ ਹਿੱਸੇ, ਫੁੱਲਾਂ, ਪੌਦਿਆਂ ਦੇ ਹਿੱਸੇ ਆਦਿ ਨੂੰ ਸੌਖੀ ਤਰ੍ਹਾਂ ਕਰ ਸਕਦੇ ਹਨ।
2. ਭੂਗੋਲ : ਨਕਸ਼ੇ ਬਣਾਉਣਾ, ਰੇਖਾ ਚਿੱਤਰ ਵਗੈਰਾ ਜੋ ਕਿ ਅਲੱਗ-ਅਲੱਗ ਥਾਵਾਂ ਨੂੰ ਦਰਸਾਉਂਦੇ ਹਨ, ਉਨ੍ਹਾਂ ਨੂੰ ਵਧੀਆ ਤਰ੍ਹਾਂ ਚਿੱਤਰਿਆ ਜਾ ਸਕਦਾ ਹੈ। ਥਾਵਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।
3. ਇਤਿਹਾਸ : ਇਤਿਹਾਸ ਮਨੁੱਖ ਦੇ ਬੀਤ ਚੁੱਕੇ ਜੀਵਨ ਦਾ ਗਿਆਨ ਹੈ, ਕੋਈ ਕਿਸ ਤਰ੍ਹਾਂ ਰਹਿੰਦਾ ਸੀ, ਰਾਜੇ ਕਿਵੇਂ ਰਾਜ ਕਰਦੇ ਸਨ, ਸੱਭਿਆਚਾਰ ਵਿਰਸਾ ਕਿਵੇਂ ਹੋਂਦ ਵਿੱਚ ਆਇਆ ਅਤੇ ਉਸ ਸਮੇਂ ਦੀਆ ਹੋਰ ਚੀਜ਼ਾਂ ਦੀ ਹੋਂਦ ਆਦਿ। ਇਹ ਸਾਰੀਆਂ ਚੀਜ਼ਾਂ ਕਲਾ ਦਾ ਗਿਆਨ ਰੱਖਣ ਵਾਲੇ

ਵਿਦਿਆਰਥੀ ਵਧੀਆ ਤਰ੍ਹਾਂ ਦਿਖਾ ਸਕਦੇ ਹਨ, ਜਿਵੇਂ ਕਿ ਰਾਜਾ ਅਤੇ ਉਸਦਾ ਬੁੱਤ ਵਗੈਰਾ ਦੀ ਚੰਗੀ ਜਾਣਕਾਰੀ ਦਿੱਤੀ ਜਾ ਸਕਦੀ ਹੈ।

4. ਅਰਥ ਵਿਗਿਆਨ : ਰੇਖਾ ਚਿੱਤਰ ਰਾਹੀਂ ਮੰਗ ਅਤੇ ਪੂਰਤੀ ਨੂੰ ਵਧੀਆ ਤਰ੍ਹਾਂ ਬਿਆਨਿਆ ਜਾ ਸਕਦਾ ਹੈ।

5. ਹਿਸਾਬ : ਕਲਾ ਵਿਗਿਆਨ ਨਾਲ ਜਿਊਮੈਟਰੀ ਪੂਰੀ ਤਰ੍ਹਾਂ ਅਲੱਗ-ਅਲੱਗ ਸ਼ਕਲ ਵਿੱਚ ਦਰਸਾ ਕੇ ਸਮਝੀ ਜਾ ਸਕਦੀ ਹੈ।

6. ਭਾਸ਼ਾ : ਇਹ ਲਿਖਣ ਦੀ ਯੋਗਤਾ ਹੀ ਹੈ ਜਿਸ ਨਾਲ ਬੰਦਾ ਆਪਣੀਆਂ ਭਾਵਨਾਵਾਂ ਨੂੰ ਦਰਸਾਉਂਦਾ ਹੈ, ਕਲਾ ਰਾਹੀਂ ਇਹ ਵਧੀਆ ਤਰ੍ਹਾਂ ਦਰਸਾਈਆਂ ਜਾ ਸਕਦੀਆਂ ਹਨ।

7. ਦਸਤਕਾਰੀ : ਦਸਤਕਾਰੀ ਤੇ ਕਲਾ ਦਾ ਬਹੁਤ ਨੇੜੇ ਦਾ ਸੰਬੰਧ ਹੈ, ਸਕੂਲ ਦਾ ਵਿਦਿਆਰਥੀ ਅਗਰ ਕਲਾ ਵਿੱਚ ਵਧੀਆ ਹੈ ਤਾਂ ਦਸਤਕਾਰੀ ਵਿੱਚ ਵੀ ਵਧੀਆ ਹੀ ਹੋਵੇਗਾ।

8. ਘਰੇਲੂ ਵਿਗਿਆਨ : ਕਲਾ ਵਿਗਿਆਨ ਚੀਜ਼ਾਂ ਨੂੰ ਵਧੀਆ ਢੰਗ ਨਾਲ ਰੱਖਣਾ ਉਨ੍ਹਾਂ ਨੂੰ ਸੋਹਣਾ ਬਣਾਉਣਾ ਕਮਰੇ ਨੂੰ ਸਜਾਉਣਾ ਅਤੇ ਰਸੋਈ ਨੂੰ ਸੈੱਟ ਕਰਨ ਵਿੱਚ ਬਹੁਤ ਮੱਦਦ ਕਰਦਾ ਹੈ।

9. ਇਮਤਿਹਾਨ : ਇੱਕ ਵਿਦਿਆਰਥੀ ਜਿਹੜਾ ਚਿੱਤਰ ਕਲਾ ਜਾਣਦਾ ਹੈ, ਉਹ ਇਸ ਨਾਲ ਚਿੱਤਰ ਬਣਾ ਕੇ ਪੇਪਰ ਨੂੰ ਵਧੀਆ ਤਰ੍ਹਾਂ ਕਰ ਸਕਦਾ ਹੈ।

10. ਹੱਥ ਲਿਖਤ ਵਿੱਚ ਸੁਧਾਰ : ਕਲਾ ਹੱਥ ਲਿਖਤ ਵਿੱਚ ਸੁਧਾਰ ਲਿਆਉਂਦੀ ਹੈ ਅਤੇ ਦੇਖਣ ਵਾਲੇ ਵਿੱਚ ਖਿੱਚ ਪੈਦਾ ਕਰਕੇ ਪ੍ਰਭਾਵਿਤ ਕਰਦੀ ਹੈ।

4. ਅਸਲੀਅਤ ਅਤੇ ਦਸਤੀ ਸਿੱਖਿਆ : ਕਲਾ ਮਨੁੱਖ ਵਿੱਚ ਯੋਗਤਾ ਅਤੇ ਮੁਹਾਰਤ ਪੈਦਾ ਕਰਦੀ ਹੈ। ਇਹ ਉਸਦੀ ਅਨੁਭਵ ਕਰਨ ਦੀ ਸ਼ਕਤੀ ਨੂੰ ਵਧਾਉਂਦੀ ਹੈ। ਕਲਾ ਦੇ ਆਧਾਰ ਤੇ ਹੀ ਅਮਲੀ ਤੌਰ ਤੇ ਯੋਗਤਾ ਵਿੱਚ ਵਾਧਾ ਹੁੰਦਾ ਹੈ। ਪੜ੍ਹਾਈ ਦੇ ਖੇਤਰ ਵਿੱਚ ਅਮਲੀ ਤੌਰ ਤੇ ਕੰਮ ਅਤੇ ਮੁਹਾਰਤ ਬਹੁਤ ਜ਼ਰੂਰੀ ਹਨ। ਅਸੀਂ ਵਿਦਿਆਰਥੀਆਂ ਵਿੱਚ ਛੁਪੀਆਂ ਹੋਈਆਂ ਖੂਬੀਆਂ ਨੂੰ ਕਲਾ ਰਾਹੀਂ ਜਾਹਰ ਕਰ ਸਕਦੇ ਹਾਂ। ਬਹੁਤ ਸਾਰੀਆਂ ਦਸਤਕਾਰੀਆਂ ਹਨ ਜੋ ਵਿਦਿਆ ਦੇ ਪ੍ਰਾਰੰਭ ਵਿੱਚ ਹੀ ਲਾਗੂ ਕਰ ਦਿੱਤੀਆਂ ਜਾਂਦੀਆਂ ਹਨ

ਜਿਵੇਂ ਕਿ ਲੱਕੜੀ ਦੀ ਦਸਤਕਾਰੀ, ਬਾਗਬਾਨੀ, ਮਿੱਟੀ ਦੇ ਭਾਂਡੇ ਬਣਾਉਣਾ ਆਦਿ। ਜਦੋਂ ਵਿਦਿਆਰਥੀ ਨੂੰ ਅਮਲੀ ਅਤੇ ਦਸਤੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਉਹ ਇਸ ਦਸਤਕਾਰੀ ਨੂੰ ਰੋਜ਼ਗਾਰ ਵਜੋਂ ਅਪਨਾ ਲੈਂਦਾ ਹੈ। ਇਹ ਸਿੱਖਿਆ ਉਸਦਾ ਮਨੋਬਲ ਵਧਾਉਂਦੀ ਹੈ ਅਤੇ ਯੋਗਤਾ ਵਿੱਚ ਵਾਧਾ ਕਰਦੀ ਹੈ।

5. ਸਮੇਂ ਵਿੱਚ ਬੱਚਤ ਹੋਣਾ : ਜਦੋਂ ਕਲਾ ਨੂੰ ਦੂਸਰੇ ਵਿਸ਼ਿਆਂ ਨਾਲ ਜੋੜਿਆ ਜਾਂਦਾ ਹੈ ਤਾਂ ਇਸ ਤੋਂ ਵੀ ਵੱਧ ਵਿਸ਼ੇ ਨਾਲੋਂ-ਨਾਲ ਪੜ੍ਹਾਏ ਜਾ ਸਕਦੇ ਹਨ। ਇਸ ਤਰ੍ਹਾਂ ਅਧਿਆਪਕ ਅਤੇ ਵਿਦਿਆਰਥੀ ਦਾ ਸਮਾਂ ਬਚ ਜਾਂਦਾ ਹੈ।

ਦੂਸਰਾ, ਜਦੋਂ ਵਿਸ਼ੇ ਨੂੰ ਬੋਲਣ-ਦੇਖਣ ਦੀ ਸਹਾਇਤਾ ਨਾਲ ਪੜ੍ਹਾਇਆ ਜਾਂਦਾ ਹੈ ਤਾਂ ਵਿਦਿਆਰਥੀ ਦੀ ਦਿਲਚਸਪੀ ਵੱਧ ਜਾਂਦੀ ਹੈ ਅਤੇ ਉਹ ਘੱਟ ਸਮੇਂ ਵਿੱਚ ਜ਼ਿਆਦਾ ਸਿੱਖ ਸਕਦਾ ਹੈ। ਕਾਰਨ ਇਹ ਹੈ ਕਿ ਜਦੋਂ ਅਸੀਂ ਉਸਨੂੰ ਵਿਸ਼ੇ ਨਾਲ ਸੰਬੰਧਿਤ ਤਸਵੀਰ ਦਿਖਾਉਂਦੇ ਹਾਂ ਤਾਂ ਉਸਦਾ ਅੱਧਾ ਕੰਮ ਹੋ ਜਾਂਦਾ ਹੈ। ਤਸਵੀਰ ਦੇਖ ਕੇ ਵਿਦਿਆਰਥੀ ਆਪਣੇ ਆਪ ਹੀ ਸਮਝ ਸਕਦੇ ਹਨ। ਅਧਿਆਪਕ ਦਾ ਕੰਮ ਸੌਖਾ ਅਤੇ ਘੱਟ ਜਾਂਦਾ ਹੈ। ਇਸ ਤਰ੍ਹਾਂ ਪੜ੍ਹਾਈ ਦੌਰਾਨ ਸਮੇਂ ਦੀ ਬੱਚਤ ਹੁੰਦੀ ਹੈ।

6. ਕਲਾ ਦੂਸਰੇ ਵਿਸ਼ਿਆਂ ਨੂੰ ਸੌਖਾ ਕਰਦੀ ਹੈ : ਲਿਖਤੀ ਵਿਸ਼ਿਆਂ ਨੂੰ ਸੌਖਾ ਕਰਨ ਵਿੱਚ ਕਲਾ ਹੀ ਜ਼ਿੰਮੇਵਾਰ ਹੈ। ਕਲਾ Audio-Visual Aids ਦਾ ਆਧਾਰ ਹੈ। ਕਿਉਂਕਿ ਚਿੱਤਰਕਲਾ ਦੀ ਮੱਦਦ ਨਾਲ ਹੀ ਅਸੀਂ ਚਿੱਤਰ ਬਣਾਉਂਦੇ ਹਾਂ ਅਤੇ ਰੰਗ ਕਰਦੇ ਹਾਂ ਜਾਂ ਕੋਈ ਮਾਡਲ ਬਣਾਉਂਦੇ ਹਾਂ। ਇਹ Audio-Visual Aids ਵਿਦਿਆਰਥੀ ਨੂੰ ਉਨ੍ਹਾਂ ਚੀਜ਼ਾਂ ਨੂੰ ਸਮਝਣ ਵਿੱਚ ਮੱਦਦ ਕਰਦਾ ਹੈ ਜੋ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ।

ਇਹ ਬੱਚੇ ਨੂੰ ਦੂਸਰੀ ਭਾਸ਼ਾ ਨੂੰ ਸਿਖਾਉਣ ਵਿੱਚ ਜੋ ਕਿ ਮਾਂ ਬੋਲੀ ਤੋਂ ਅਲੱਗ ਹੁੰਦੀ ਹੈ ਲਈ ਵੀ ਬੜੀ ਮੱਦਦਗਾਰ ਹੈ। ਉਦਾਹਰਨ ਦੇ ਤੌਰ ਜਦੋਂ ਅਸੀਂ ਉਸਨੂੰ ਅੰਗਰੇਜ਼ੀ ਦਾ ਅੱਖਰ 'C' ਸਿਖਾਉਣਾ ਚਾਹੁੰਦੇ ਹਾਂ ਅਤੇ ਉਸਨੂੰ ਅਗਰ ਅੰਗਰੇਜ਼ੀ ਦਾ ਗਿਆਨ ਨਹੀਂ ਹੈ ਤਾਂ 'C' ਉਸ ਵਾਸਤੇ ਕੋਈ ਮਹਿਣੇ ਨਹੀਂ ਰੱਖਦਾ। ਪ੍ਰੰਤੂ ਜਦੋਂ ਅਸੀਂ ਬਿੱਲੀ ਦੀ ਤਸਵੀਰ ਬਣਾ ਕੇ 'C' ਲਿਖਦੇ ਹਾਂ ਅਤੇ ਇੱਕ ਪਾਸੇ Cat ਲਿਖ ਦਿੰਦੇ ਹਾਂ ਤਾਂ

ਉਹ ਉਸਦੀ ਸਮਝ ਵਿੱਚ ਆ ਜਾਂਦਾ ਹੈ। ਇਸ ਤਰ੍ਹਾਂ ਕਲਾ ਨੂੰ ਭਾਸ਼ਾ ਨਾਲ ਜੋੜ ਕੇ ਸਿੱਖਿਆ ਨੂੰ ਸੌਖਾ ਬਣਾ ਦਿੱਤਾ।

7. ਹੱਥਾਂ ਰਾਹੀਂ ਦਿਮਾਗੀ ਸਿੱਖਿਆ : ਕਲਾ ਦਿਮਾਗ ਨੂੰ ਸਿਖਾਉਂਦੀ ਹੈ ਅਤੇ ਹਰ ਇੱਕ ਨੂੰ ਦਿਮਾਗ ਸ਼ਕਤੀ ਵਧਾਉਣ ਵਿੱਚ ਮੱਦਦ ਕਰਦੀ ਹੈ। ਇਹ ਸੋਚਣ ਸ਼ਕਤੀ, ਸਿੱਖਣ ਸ਼ਕਤੀ, ਅਨੁਭਵ ਸ਼ਕਤੀ ਅਤੇ ਤੁਲਨ ਦੀ ਯੋਗਤਾ ਵਿੱਚ ਵਾਧਾ ਕਰਦੀ ਹੈ। ਇਹ ਸਾਰੀਆਂ ਸ਼ਕਤੀਆਂ ਮਨੁੱਖ ਦੀ ਜ਼ਿੰਦਗੀ ਵਿੱਚ ਕੰਮ ਆਉਂਦੀਆਂ ਹਨ। ਜਦੋਂ ਮਨੁੱਖ ਇਨ੍ਹਾਂ ਨੂੰ ਦਿਮਾਗੀ ਤੌਰ ਤੇ ਗ੍ਰਹਿਣ ਕਰ ਲੈਂਦਾ ਹੈ ਤਾਂ ਉਹ ਇਨ੍ਹਾਂ ਨੂੰ ਆਪਣੇ ਹੱਥਾਂ ਨਾਲ ਵਰਤਣ ਦਾ ਯਤਨ ਕਰਦਾ ਹੈ, ਜਿਵੇਂ ਕਿ ਜਦੋਂ ਉਹ ਕਿਸੇ ਸੁੰਦਰ ਨਜ਼ਾਰੇ ਨੂੰ ਦੇਖਦਾ ਹੈ, ਉਹ ਉਸਨੂੰ ਆਪਣੀ ਯਾਦਾਸ਼ਤ ਵਿੱਚ ਲੈ ਲੈਂਦਾ ਹੈ ਫਿਰ ਹੱਥਾਂ ਨਾਲ ਉਹ ਉਸਨੂੰ ਪੇਪਰ ਉੱਤੇ ਉਲੀਕਦਾ ਹੈ। ਇਸ ਲਈ ਕਲਾ ਦਿਮਾਗੀ ਸਿੱਖਿਆ ਦਿੰਦੀ ਹੈ ਅਤੇ ਮਨੁੱਖ ਵਿੱਚ ਯੋਗਤਾ ਪੈਦਾ ਕਰਦੀ ਹੈ।

8. ਕਲਾ ਸਿਰਜਨਾਤਮਕ ਸ਼ਕਤੀ ਪੈਦਾ ਕਰਦੀ ਹੈ : ਕਲਾ ਬੱਚਿਆਂ ਵਿੱਚ ਸਿਰਜਨਾਤਮਕ ਵਿਚਾਰ ਪੈਦਾ ਕਰਨ ਦਾ ਵਧੀਆ ਤਰੀਕਾ ਹੈ। ਕਲਾ ਖ਼ੁਦ ਹੀ ਇੱਕ ਸਿਰਜਨਾ ਉੱਤੇ ਨਿਰਭਰ ਕਰਦੀ ਹੈ। ਇਹ ਨਵੀਂ ਚੀਜ਼ ਨੂੰ ਸਿਰਜਣ ਦੇ ਮੌਕੇ ਪ੍ਰਦਾਨ ਕਰਦੀ ਹੈ। ਬੱਚਿਆਂ ਦੇ ਮਨ ਵਿੱਚ ਸਿਰਜਨਾਤਮਕ ਭਾਵਨਾਵਾਂ ਪੈਦਾ ਕਰਦੀ ਹੈ। ਉਦਾਹਰਣ ਦੇ ਤੌਰ 'ਤੇ ਅਗਰ ਅਸੀਂ ਕਲਾਸ ਵਿੱਚ ਵਿਦਿਆਰਥੀਆਂ ਨੂੰ ਨਸ਼ਾ ਖੋਰੀ ਦਾ ਪੋਸਟਰ ਬਣਾਉਣ ਦਾ ਵਿਸ਼ਾ ਦਿੰਦੇ ਹਾਂ ਤਾਂ ਇਹਦੇ ਵਿੱਚ ਕੋਈ ਦੋ ਕਿਸਮ ਦੇ ਵਿਚਾਰ ਇੱਕੋ ਜਿਹੇ ਨਹੀਂ ਹੋ ਸਕਦੇ। ਹਰ ਇੱਕ ਪੋਸਟਰ ਇੱਕ ਦੂਜੇ ਤੋਂ ਅਲੱਗ ਹੋਵੇਗਾ। ਕਿਉਂਕਿ ਹਰ ਇੱਕ ਇਨਸਾਨ ਆਪਣੇ ਆਪ ਵਿੱਚ ਸਮੱਰਥ ਹੈ ਅਤੇ ਉਹ ਆਪਣੀ ਸੋਚ ਅਤੇ ਢੰਗ ਨਾਲ ਹੀ ਬਣਾਏਗਾ।

ਇਹ ਵਿਦਿਆਰਥੀਆਂ ਦੇ ਦਿਮਾਗ ਦੀ ਸਿਰਜਨਾਤਮਕ ਸ਼ਕਤੀ ਹੈ ਜਿਹੜੀ ਪੋਸਟਰ ਬਣਾਉਣ ਵਿੱਚ ਮੱਦਦ ਕਰਦੀ ਹੈ। ਆਲਾ-ਦੁਆਲਾ ਅਤੇ ਵਾਤਾਵਰਨ ਵਿਦਿਆਰਥੀਆਂ ਨੂੰ ਵਿਚਾਰ ਦਿੰਦਾ ਹੈ।

9. ਕਲਾ ਇਕਾਗਰਤਾ ਅਤੇ ਅਨੁਕੂਲਤਾ ਨੂੰ ਪ੍ਰਾਪਤ ਕਰਨ ਦੀ ਆਦਤ ਵਿੱਚ ਮੱਦਦ ਕਰਦੀ ਹੈ: ਮਨੁੱਖ ਪਹਿਲਾਂ ਉਸ ਦ੍ਰਿਸ਼ ਉੱਤੇ ਇਕਾਗਰਤਾ ਕਰਦਾ ਹੈ ਜਿਹੜਾ ਉਸਨੇ ਬਣਾਉਣਾ ਹੈ। ਫਿਰ ਉਹ ਇਹ ਧਿਆਨ ਦਿੰਦਾ ਹੈ ਕਿ ਇਹ ਉਸਦੇ ਸੋਚੇ ਹੋਏ ਮੁਤਾਬਿਕ ਹੀ ਹੈ। ਫਿਰ ਪੈਨਸਿਲ ਨਾਲ ਚਿੱਤਰ ਤਿਆਰ ਕਰਦਾ ਹੈ, ਰੰਗਾਂ ਉੱਤੇ ਇਕਾਗਰਤਾ ਕਰਦਾ ਹੈ ਜੋ ਉਸਨੇ ਉਸ ਵਿੱਚ ਭਰਨੇ ਹਨ। ਸੋ ਅਸੀਂ ਦੇਖਦੇ ਹਾਂ ਕਿ ਜੋ ਤਸਵੀਰ ਉਸਨੇ ਬਣਾਉਣੀ ਹੈ ਉਸ ਉਤੇ ਇਕਾਗਰ ਹੋਣ ਨਾਲ ਉਹ ਆਪਣੀ ਕਲਾ ਵਰਤਦਾ ਹੈ। ਇਹ ਦੋਵੇਂ ਕ੍ਰਮ ਹੀ ਜ਼ਰੂਰੀ ਹਨ। ਇਕਾਗਰਤਾ ਤੋਂ ਬਿਨਾਂ ਕਲਪਨਾ ਨਹੀਂ ਹੋ ਸਕਦੀ ਅਤੇ ਕਲਪਨਾ ਤੋਂ ਬਿਨਾਂ ਅਸੀਂ ਕੋਈ ਚੀਜ਼ ਤਿਆਰ ਨਹੀਂ ਕਰ ਸਕਦੇ ਅਤੇ ਆਪਣੀ ਕਲਾ ਦੇ ਕੰਮ ਵਿੱਚ ਨਹੀਂ ਲਿਆ ਸਕਦੇ। ਸੋ ਕਲਾ ਦਾ ਵਧੀਆ ਨਮੂਨਾ ਬਣਾਉਣ ਵਾਸਤੇ ਇਕਾਗਰਤਾ ਜ਼ਰੂਰੀ ਹੈ। ਫਿਰ ਹੀ ਅਸੀਂ ਇਸਨੂੰ ਕਲਾ ਵਿੱਚ ਵਰਤ ਸਕਦੇ ਹਾਂ।

10. ਸਰਭਪੱਖੀ ਵਿਕਾਸ : ਆਪਣੇ ਵਿਚਾਰ ਪ੍ਰਗਟ ਕਰਨਾ, ਭਾਵਨਾਵਾਂ ਅਤੇ ਵਿਖਿਆਨ ਨੂੰ ਬਿਆਨ ਕਰਨ ਦੀ ਕਲਾ ਸਭ ਤੋਂ ਵਧੀਆ ਜ਼ਰੀਆ ਹੈ। ਇਹ ਮਨ ਨੂੰ ਖੋਲ੍ਹ ਦਿੰਦੀ ਹੈ। ਸੁਭਾਅ ਕਰਕੇ ਇਹ ਮਨੋਵਿਗਿਆਨਕ ਹੈ। ਇਹ ਭਾਵਨਾਵਾਂ ਨੂੰ ਰਸਤਾ ਦਿਖਾਂਦੀ ਹੈ। ਇਹ ਖੁਸ਼ੀ ਦਿੰਦੀ ਹੈ ਅਤੇ ਮਨੁੱਖ ਦੇ ਮਨ ਨੂੰ ਆਰਾਮ ਦਿੰਦੀ ਹੈ। ਇਹ ਆਰਥਿਕ ਤੌਰ 'ਤੇ ਮੱਦਦ ਕਰਦੀ ਹੈ ਕਿਉਂਕਿ ਇੱਕ ਇਨਸਾਨ ਕਲਾ ਨੂੰ ਕਿੱਤੇ ਦੇ ਤੌਰ ਤੇ ਅਪਣਾ ਸਕਦਾ ਹੈ। ਇਹ ਇਨਸਾਨ ਨੂੰ ਸਮਾਜ ਵਿੱਚ ਭਰਸੋਯੋਗ ਬਣਾਉਂਦੀ ਹੈ। ਇਹ ਮਨੁੱਖ ਵਿੱਚ ਸਭ ਪ੍ਰਕਾਰ ਦੀਆਂ ਇਖਲਾਕੀ ਖੂਬੀਆਂ ਪੈਦਾ ਕਰਦੀ ਹੈ ਜਿਵੇਂ ਕਿ ਧੀਰਜ, ਸਬਰ, ਸੰਤੁਸ਼ਟੀ ਵਗੈਰਾ। ਇਹ ਇੱਕ ਪ੍ਰਵੀਨਤਾ ਹੈ। ਇਸ ਸੰਬੰਧਿਤ ਕਲਾ ਲਈ ਬਹੁਤ ਹੀ ਬੁੱਧੀ ਦੀ ਲੋੜ ਹੈ। ਸੋ ਇਹ ਇਨਸਾਨ ਨੂੰ ਬੁੱਧੀਮਾਨ ਬਣਾਉਂਦੀ ਹੈ। ਕਲਾ ਮਨੁੱਖ ਦੇ ਸਰਬਪੱਖੀ ਵਿਕਾਸ ਵਾਸਤੇ ਜ਼ਰੂਰੀ ਹੈ।

11. ਕਲਾ, ਕਲਪਨਾ, ਦੇਖਭਾਲ ਅਤੇ ਸ਼ੁਰੂਆਤ ਕਰਨ ਦੀ ਤਾਕਤ ਨੂੰ ਉਤਸ਼ਾਹਿਤ ਕਰਦੀ ਹੈ: ਕਲਾ ਇਨ੍ਹਾਂ ਸਭ ਖੂਬੀਆਂ ਦੇ ਵਿਕਾਸ ਲਈ ਜ਼ਿੰਮੇਵਾਰ ਹੈ। ਸਭ ਤੋਂ ਪਹਿਲਾਂ ਕੋਈ ਇਨਸਾਨ ਜੋ ਰੰਗ ਭਰਕੇ, ਤਸਵੀਰ ਬਣਾਉਣਾ ਚਾਹੁੰਦਾ ਹੋਵੇ ਉਸਨੂੰ ਆਲਾ-ਦੁਆਲਾ ਅਤੇ ਵਾਤਾਵਰਨ ਵੱਲ ਧਿਅਨ ਦੇਣਾ ਹੋਵੇਗਾ ਤਾਂ ਹੀ

ਚਿੱਤਰਕਲਾ ਜਾਂ ਖਾਕਾ ਬਣਾਉਣ ਦੇ ਵਿਚਾਰ ਉਸਦੇ ਮਨ ਵਿੱਚ ਆ ਸਕਣਗੇ। ਇਸਦੇ ਨਾਲ ਹੀ ਉਸਨੂੰ ਆਪਣੇ ਮਨ ਵਿੱਚ ਇਹ ਵਿਚਾਰ ਭਰਨੇ ਹੋਣਗੇ। ਫਿਰ ਵੀ ਰੰਗ ਭਰਨ ਲਈ ਨਵੇਂ ਉਸਾਰੂ ਵਿਚਾਰ ਉਸਦੀ ਕਲਪਨਾ ਵਿੱਚ ਆਉਣਗੇ। ਫਿਰ ਉਹ ਆਪਣੀ ਕਲਾ ਦੇ ਕੰਮ ਦੀ ਸ਼ੁਰੂਆਤ ਕਰੇਗਾ। ਬਗੈਰ ਕਿਸੇ ਠੋਸ ਨਿਰੀਖਣ ਅਤੇ ਕਲਪਨਾ ਦੇ ਕਿਸੇ ਦ੍ਰਿਸ਼ ਨੂੰ ਬਣਾਉਣਾ ਜਾਂ ਸੋਚਣਾ ਨਾ ਮੁਮਕਿਨ ਹੈ। ਚਿੱਤਰ ਕਲਾ ਵਾਸਤੇ ਕੁਝ ਮੁੱਢਲੀਆਂ ਲੋੜਾਂ ਹਨ ਜਦੋਂ ਕਿਸੇ ਵਿੱਚ ਇਹ ਗੁਣ ਆ ਜਾਂਦੇ ਹਨ ਤਾਂ ਇਹ ਉਸਨੂੰ ਦੂਜੇ ਵਿਸ਼ਿਆਂ ਵਿੱਚ ਵੀ ਮੱਦਦ ਕਰਦੇ ਹਨ। ਉਹ ਵਧੀਆ ਕਾਵਿਤਾਵਾਂ, ਪੈਰਾ ਤੇ ਵਾਰਤਕ ਆਦਿ ਲਿਖ ਸਕਦਾ ਹੈ।

12. ਕਲਾ, ਯਾਦਾਸ਼ਤ, ਵਿਖਿਆਨ ਅਤੇ ਕੁਦਰਤੀ ਚਿੱਤਰ ਕਲਾ ਵਿੱਚ ਵਾਧਾ ਕਰਦੀ ਹੈ: ਜਦੋਂ ਕੋਈ ਕਲਾਕਾਰ ਕਿਸੇ ਦ੍ਰਿਸ਼ ਨੂੰ ਕੁਦਰਤ ਵਿੱਚ ਦੇਖਦਾ ਹੈ, ਉਹ ਉਸਨੂੰ ਆਪਣੇ ਮਨ ਵਿੱਚ ਵਸਾਉਣ ਦੀ ਕੋਸ਼ਿਸ਼ ਕਰਦਾ ਹੈ ਜਿਵੇਂ ਕਿ ਕੀਟਸ (Keats) ਕਹਿੰਦਾ ਹੈ, "ਕਿਸੇ ਚੀਜ਼ ਦੀ ਸੁੰਦਰਤਾ ਇਕ ਸਦੀਵੀ ਖੁਸ਼ੀ ਦਾ ਸੋਮਾ ਹੈ।" ਇਸ ਖੁਸ਼ੀ ਨੂੰ ਹਮੇਸ਼ਾ ਲਈ ਬਰਕਰਾਰ ਰੱਖਣ ਲਈ ਇਹ ਜ਼ਰੂਰੀ ਹੈ ਕਿ ਉਸ ਦ੍ਰਿਸ਼ ਨੂੰ ਮਨ ਵਿੱਚ ਵਸਾਏ ਤਾਂ ਹੀ ਉਹ ਉਸ ਦ੍ਰਿਸ਼ ਨੂੰ ਵਿਖਿਆਨ ਕਰ ਸਕਦਾ ਹੈ ਜਾਂ ਉਸ ਉੱਤੇ ਕਵਿਤਾ ਲਿਖ ਸਕਦਾ ਹੈ। ਜੇਕਰ ਕੋਈ ਸੁੰਦਰ ਯਾਦ ਨੂੰ ਮਨ ਵਿੱਚ ਵਸਾਉਣ ਦਾ ਯਤਨ ਕਰੇਗਾ ਤਾਂ ਹੀ ਉਹ ਦੇ ਮਨ ਵਿੱਚ ਵਸੇਗੀ। ਇਸ ਤਰ੍ਹਾਂ ਉਸਨੂੰ ਇਕਗਾਰਤਾ ਅਤੇ ਕਲਪਨਾ ਕਰਨ ਵਿੱਚ ਮੱਦਦ ਮਿਲੇਗੀ ਜਿਸ ਨਾਲ ਉਸਦੇ ਮਨ ਵਿੱਚ ਉਸਾਰੂ ਵਿਚਾਰ ਉਜਾਗਰ ਹੋਣਗੇ। ਪੜ੍ਹਾਈ ਲਈ ਵੀ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਵਿਸ਼ੇ ਨੂੰ ਸਿੱਖਣ ਤੋਂ ਬਾਅਦ ਆਪਣੀ ਯਾਦਾਸ਼ਤ ਵਿੱਚ ਪੱਕਿਆ ਕਰੇ। ਫਿਰ ਉਹ ਉਸ ਇਮਤਿਹਾਨ ਅਤੇ ਉਸਾਰੂ ਸੋਚ ਲਈ ਵਰਤ ਸਕਦਾ ਹੈ।

13. ਕਲਾ ਨਾਲ ਮਾਨਸਿਕ ਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ: ਕਲਾ ਵਿਦਿਆਰਥੀ ਨੂੰ ਵਿੱਦਿਅਕ ਅਦਾਰੇ ਦੇ ਸਿਧਾਂਤਕ ਪੜ੍ਹਾਈ ਵਿੱਚ ਦਰਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੇ ਬੋਝ ਨੂੰ ਅਸਲੀ ਤਜ਼ਰਬਿਆਂ ਵਿੱਚ ਸੰਤੁਲਨ ਪੈਦਾ ਕਰਦੀ ਹੈ। ਇਹ ਇੱਕ ਅਸਲੀ ਗਿਆਨ ਹੈ ਜੋ ਜ਼ਿੰਦਗੀ ਦੇ ਹਾਲਾਤਾਂ ਨੂੰ ਸਮਝਣ ਵਿੱਚ ਇਨਸਾਨ ਦੀ ਮੱਦਦ ਕਰਦਾ ਹੈ। ਉਹ ਆਪਣੇ ਕਲਾ ਖੇਤਰ ਵਿੱਚ ਰੁੱਝੇ ਰਹਿ ਕੇ ਖੁਸ਼ ਰਹਿੰਦੇ ਹਨ।

14. ਇਹ ਬੁੱਧੀਮਾਨੀ ਵਿੱਚ ਵਾਧਾ ਕਰਦਾ ਹੈ: ਕਲਾ ਇੱਕ ਮੁਹਾਰਤ ਹੈ ਅਤੇ ਇਸ ਨੂੰ ਹਾਸਿਲ ਕਰਨ ਲਈ ਕਾਫੀ ਬੁੱਧੀ ਦੀ ਲੋੜ ਹੈ। ਮਿੱਟੀ ਦੇ ਬਰਤਨ, ਹੱਥ ਨਾਲ ਕੰਮ ਕਰਨਾ ਜਿਵੇਂ ਕਿ ਕਸੀਦਾਕਾਰੀ ਆਦਿ ਨੂੰ ਕਾਮਯਾਬ ਕਰਨ ਲਈ ਬਹੁਤ ਹੀ ਬੁੱਧੀ ਦੀ ਲੋੜ ਹੈ।

15. ਇਹ ਇਨਸਾਨ ਦਾ ਸਮਾਜਿਕ ਵਿਕਾਸ ਕਰਦਾ ਹੈ : ਕਲਾ ਇਨਸਾਨ ਨੂੰ ਸਮਾਜਿਕ ਤੌਰ 'ਤੇ ਭਰੋਸੇਯੋਗ ਅਤੇ ਆਤਮ ਨਿਰਭਰ ਬਣਾਉਂਦੀ ਹੈ। ਕਲਾ ਦੇ ਰਾਜ ਵਿੱਚ ਹੱਥੀਂ ਕੰਮ ਕਰਨ ਦੀ ਜ਼ਿਆਦਾ ਮਹੱਤਤਾ ਹੈ, ਪਰ ਸਮਾਜ ਵਿੱਚ ਇਸਨੂੰ ਘਟੀਆ ਸਮਝਿਆ ਜਾਂਦਾ ਹੈ। ਹੁਣ ਕਲਾਕਾਰ ਇੱਕ ਡੈਸਕ ਤੇ ਬੈਠ ਕੇ ਕੰਮ ਕਰਨ ਵਿੱਚ ਬਰਾਬਰ ਦੀ ਖੁਸ਼ੀ ਮਹਿਸੂਸ ਕਰਦਾ ਹੈ।

ਇੱਥੇ ਹੀ ਬਸ ਨਹੀਂ ਕਲਾ ਕਿੱਤੇ ਦੇ ਨਾਲ-ਨਾਲ ਇੱਕ ਸ਼ੌਕ ਵੀ ਹੈ ਜਿਸ ਕਰਕੇ ਇਹ ਬਹੁਤ ਕੀਮਤੀ ਹੈ। ਇੱਕ ਵਿਦਿਆਰਥੀ ਪਹਿਲਾਂ ਕਲਾ ਸਿੱਖਦਾ ਹੈ ਅਤੇ ਬਾਅਦ ਵਿੱਚ ਧੰਦੇ ਦੇ ਤੌਰ 'ਤੇ ਅਪਣਾਉਂਦਾ ਹੈ। ਉਹ ਖੁਸ਼ ਵੀ ਹੁੰਦਾ ਹੈ ਅਤੇ ਆਪਣੀ ਅੰਤਰ ਆਤਮਾ ਨੂੰ ਵੀ ਸੰਤੁਸ਼ਟ ਰੱਖਦਾ ਹੈ ਅਤੇ ਨਾਲ-ਨਾਲ ਹੀ ਆਪਣੇ ਕੰਮਾਂ ਦਾ ਫਲ ਪ੍ਰਾਪਤ ਕਰਦਾ ਹੈ। ਕਲਾ ਬੱਚੇ ਨੂੰ ਸਕੂਲ ਅਤੇ ਸਕੂਲ ਤੋਂ ਬਾਹਰ ਸਿਰ ਉੱਚਾ ਕਰਕੇ ਜਿਉਣ ਲਈ ਉਤਸ਼ਾਹਿਤ ਕਰਦੀ ਹੈ। ਇਹ ਉਸਦੇ ਵਿਚਾਰ ਅਤੇ ਮਹਿਸੂਸ ਕਰਨ ਦੇ ਦਰਵਾਜ਼ੇ ਖੋਲ੍ਹਦੀ ਹੈ। ਉਹ ਉਸਾਰੂ ਕਲਪਨਾਵਾਂ ਦਾ ਵਿਸਤਾਰ ਕਰਦੀ ਹੈ। ਕਲਾ ਵਿਦਿਆ ਬੱਚੇ ਵਿੱਚ ਦਿਮਾਗ ਅਤੇ ਆਤਮਿਕ ਕਦਰਾਂ-ਕੀਮਤਾਂ ਦਾ ਭੰਡਾਰ ਪੈਦਾ ਕਰਦੀ ਹੈ। ਇਸ ਲਈ ਅਧਿਆਪਕ ਨੂੰ ਐਸਾ ਮਾਹੌਲ ਅਤੇ ਸਾਮਾਨ ਪੈਦਾ ਕਰਨਾ ਚਾਹੀਦਾ ਹੈ ਜਿਸ ਨਾਲ ਇੱਕ ਗੁਣਾਂ ਦੀ ਗੁੱਥੀ ਖੁਲ੍ਹ ਜਾਵੇ।

### 2.1.7 ਸਾਰ

ਕਲਾ, ਵਿਚਾਰ, ਮਨ ਦੇ ਵਲਵਲੇ, ਖਿਆਲਾਤ ਅਤੇ ਸੁਝਾਵਾਂ ਨੂੰ ਉਜਾਗਰ ਕਰਦੀ ਹੈ। ਇਹ ਮਨੁੱਖ ਦੀਆਂ ਅੰਦਰਲੀਆਂ ਤਰੰਗਾਂ ਨੂੰ ਉਜਾਗਰ ਕਰਦੀ ਹੈ। ਬੀਤੇ ਸਮੇਂ ਵਿੱਚ ਇਹੀ ਸਮਝਿਆ ਜਾਂਦਾ ਸੀ ਕਿ ਕਲਾ ਚਿੱਤਰਕਲਾ ਅਤੇ ਰੰਗਾਂ ਦੇ ਰੂਪਾਂ ਵਿੱਚ ਕੁਝ ਬਾਗਾਂ ਵਿੱਚ ਹੀ ਸ਼ੋਭਦੀ ਹੈ ਜੋ ਕਿ ਹੁਨਰਮੰਦ ਲੋਕਾਂ ਤੱਕ ਹੀ ਸੀਮਤ ਹੈ ਅਤੇ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੈ। ਕਲਾ ਨੂੰ ਇੱਕ ਵਿਦਿਅਕ ਅਦਾਰਾ, ਪਰਬਨ ਅਤੇ ਇਸਦੀਆਂ ਜੜ੍ਹਾਂ ਤੱਕ ਪਹੁੰਚਣ ਲਈ ਇਸ ਨੂੰ ਸਮਝਣ ਲਈ ਅਤੇ ਉਸਦੇ ਅਰਥ ਜਾਨਣ ਲਈ ਕਿਸੇ ਖਾਸ

ਤਾਕਤ ਦੀ ਲੋੜ ਹੈ। ਇਸ ਲਈ ਹੀ ਸਮਝਿਆ ਜਾਂਦਾ ਸੀ ਕਲਾ ਦੀ ਪਰਿਭਾਸ਼ਾ ਕਰਨਾ ਔਖਾ ਹੈ, ਪਰ ਇਸ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਸਨੂੰ ਜੀਵਿਆ ਜਾ ਸਕਦਾ ਹੈ, ਹਰ ਕੋਈ ਇਹੀ ਖੁਸ਼ੀ ਮਾਣ ਸਕਦਾ ਹੈ ਕਿਉਂਕਿ ਇਹ ਮਨੁੱਖ ਦੇ ਸੁਭਾਅ ਉੱਤੇ ਪ੍ਰਭਾਵ ਪਾਉਂਦੀ ਹੈ। ਮਨੁੱਖ ਦੇ ਹਰ ਕਿਸਮ ਦੇ ਅਨੁਭਵ ਉੱਤੇ ਅਸਰ ਕਰਦੀ ਹੈ। ਇਹ ਸਿਰਜਨਾਤਮਕ ਦੀ ਸ਼ੁਰੂਆਤ ਹੈ ਜਿਹੜੀ ਜ਼ਿੰਦਗੀ ਦੀ ਸੁੰਦਰਤਾ ਦੇ ਫਲਸਫੇ ਵਾਲੇ ਦਰਵਾਜ਼ੇ ਖੋਲ੍ਹਦੀ ਹੈ। ਭਾਵੇਂ ਸਕੂਲਾਂ ਵਿੱਚ ਇਸ ਦੀ ਅਹਿਮੀਅਤ ਨੂੰ ਕੁਝ ਚਿਰ ਪਹਿਲਾਂ ਸਲਾਹਿਆ ਨਹੀਂ ਜਾਂਦਾ ਸੀ ਫਿਰ ਵੀ ਅੱਜ ਸਕੂਲਾਂ ਵਿੱਚ ਕਲਾਤਮਿਕ ਕੰਮਾਂ ਵਿੱਚ ਵਾਧਾ ਹੋ ਰਿਹਾ ਹੈ। ਕਲਾ ਯੋਗ ਰਸਤਿਆਂ ਰਾਹੀਂ ਆਪਣਾ ਹਿੱਸਾ ਪਾ ਰਹੀ ਹੈ, ਬੱਚਿਆਂ ਦੀ ਸਹੀ ਵਿਚਾਰਧਾਰਾ ਅਤੇ ਬੁੱਧੀ ਨੂੰ ਆਪਣੀ ਕਲਾ ਰਾਹੀਂ ਵਧਾ ਰਹੀ ਹੈ। ਹੁਣ ਇਹ ਇੱਕ ਜਾਣੀ ਪਹਿਚਾਣੀ ਗੱਲ ਹੈ ਕਿ ਬੱਚਾ ਵੀ ਆਪਣੇ ਆਪ ਨੂੰ ਬਿਆਨ ਕਰਨ ਦੀ ਖ਼ਾਹਿਸ਼ ਰੱਖਦਾ ਹੈ। ਇਹ ਉਸਦੀ ਖ਼ਾਹਿਸ਼ ਕਰਕੇ ਹੀ ਹੈ ਕਿ ਬੱਚਾ ਕਲਾ ਦਾ ਕੰਮ ਅਤੇ ਚਿੱਤਰਕਲਾ ਬਣਾ ਕੇ ਗੱਦ-ਗੱਦ ਮਹਿਸੂਸ ਕਰਦਾ ਹੈ। ਸ਼ੁਰੂਆਤ ਵਿੱਚ ਭਾਵੇਂ ਕਲਾ ਲਈ ਕੀਤੇ ਯਤਨ ਭੱਦੇ ਲੱਗਦੇ ਹੋਣ ਪਰ ਉਹ ਜੀਵਨ ਭਰਪੂਰ ਅਤੇ ਸ਼ਾਨੋਂ ਸ਼ੌਕਤ ਵਾਲੇ ਹਨ। ਇਹ ਉਸਦੀ ਜ਼ੁਬਾਨ ਹਨ।

ਕਲਾ ਇੱਕ ਸਕੂਲ ਦੇ ਵਿਸ਼ੇ ਦੇ ਤੌਰ ’ਤੇ ਬਹੁਤ ਮਹੱਤਵਪੂਰਨ ਹੈ। ਇਹ ਬੱਚੇ ਵਿੱਚ ਸੁਹਜਾਤਮਿਕ ਦੀ ਭਾਵਨਾ ਪੈਦਾ ਕਰਦੀ ਹੈ। ਇਹ ਬੱਚੇ ਨੂੰ ਸਮਾਜਿਕ, ਭਾਵਨਾਤਮਿਕ, ਜਿਸਮਾਨੀ, ਦਿਮਾਗੀ, ਮਾਨਸਿਕ ਅਤੇ ਇਖਲਾਕੀ ਤੌਰ ’ਤੇ ਮਜ਼ਬੂਤ ਬਣਾਉਂਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਕਲਾ ਤੋਂ ਬਿਨਾਂ ਹਰ ਇੱਕ ਸਕੂਲ ਡਲ ਅਤੇ ਬੋਰ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਕਲਾ ਨੂੰ ਸਕੂਲ ਦੇ ਪ੍ਰੋਗਰਾਮ ਵਿੱਚ ਇੱਕ ਵਿਸ਼ੇ ਦੇ ਤੌਰ ’ਤੇ ਲਾਇਆ ਜਾਵੇ। ਇਸ ਲਈ ਮਨ ਨੂੰ ਪ੍ਰਭਾਵਿਤ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਕਲਾ ਨੂੰ ਆਉਣ ਵਾਲੇ ਸਾਲਾਂ ਵਿੱਚ ਆਪਣੀ ਯੋਗ ਜਗ੍ਹਾ ਦਿੱਤੀ ਜਾਵੇ ਕਿਉਂਕਿ ਇਹ ਸਿਰਜਨਾਤਮਿਕ, ਸਵੈਮਾਨਤਾ ਅਤੇ ਵਿਖਿਆਨਤਾ ਨੂੰ ਕਲਾ ਪ੍ਰਗਟ ਕਰਦੀ ਹੈ।

### 2.1.8 ਮੁੱਖ ਬਿੰਦੂ

1. ਕਲਾ- ਕਲਾ ਇਕ ਸੀਸਾ ਹੈ। ਜਿਸ ਨਾਲ ਇਕ ਇਨਸਾਨ ਹੋਲੀ ਹੌਲੀ ਲਗਾਂਤਾਰ ਆਪਣੀ ਹੋਂਣ ਵਾਲੀ ਸਖਸੀਅਤ ਦੀ ਉਤਪੱਤੀ ਦੇਖਦਾ ਹੈ।

2. ਸੁਹਜ– ਸੁਹਜ ਫਿਲਾਸਫੀ ਦੀ ਸਾਖਾ ਹੈ। ਜਿਹੜੀ ਕੁਦਰਤ ਦੀ ਸੁੰਦਰ ਕਲਾ ਅਤੇ ਉਸਦੇ ਅਨਿਕ ਨੂੰ ਦਰਸਾਉਦੀ ਹੈ।

### 2.1.9 ਸੁਝਾਏ ਗਏ ਪ੍ਰਸ਼ਨ:

ਪ੍ਰ.1 ਕਲਾ ਕੀ ਹੈ? ਇੱਕ ਵਿਅਕਤੀ ਦੇ ਜੀਵਨ ਵਿੱਚ ਇਸ ਦੀ ਮਹੱਤਤਾ ਕੀ ਹੈ?

ਪ੍ਰ.2 ਸੁਹਜਾਤਮਕਤਾ ਦੀ ਪਰਿਭਾਸ਼ਾ ਕੀ ਹੈ?

ਪ੍ਰ.3 ਕਲਾ ਵਿਅਕਤੀ ਦੇ ਸਰਵਪੱਖੀ ਵਿਕਾਸ ਲਈ ਲਾਜ਼ਮੀ ਹੈ। ਵਿਚਾਰ ਦੱਸੋ।

ਪ੍ਰ.4 ਸਕੂਲ ਦੇ ਸੈਕੰਡਰੀ ਦਰਜੇ ਤੇ ਕਲਾ ਦੀ ਇੱਕ ਵਿਸ਼ੇ ਦੇ ਤੌਰ ’ਤੇ ਕੀ ਮਹੱਤਤਾ ਹੈ?

### 2.1.10 ਸਵੈ–ਮੁਲਾਂਕਣ

1) ਕਲਾਂ............... ਨੂੰ ਦਿਲਚਪਸ ਬਣਾਉਦੀ ਹੈ

2) ਕਲਾ ਸਬਦ........... ਦੇ ਸਬਦ ‘Ar’ ਤੋ ਬਣਿਆ ਹੈ।

3) ਸੁਹਜ ਸਬਦ ਯੂਨਾਨੀ ਭਾਸਾ ਦੇ ....................ਸਬਦ ਤੋ ਬਣਿਆ ਹੈ।

4) ਕਲਾ..............ਨੂੰ ਵਿਕਸਿਤ ਕਰਨ ਦਾ ਚੰਗਾ ਸਾਧਨ ਹੈ।

5) ਕਲਾ ਮਾਨਸਿਕ ਸਿਖਲਾਈ ਦਿੰਦੀ ਹੈ ਅਤੇ ਵਿਅਕਤੀ ਦੀ .............. ਦਾ ਵਿਕਾਸ ਕਰਨ ਵਿਚ ਸਹਾਇਤਾ ਕਰਦੀ ਹੈ।

**1. ਗਿਆਨ 2. ਯੂਨਾਨੀ 3. ਸੁਹਜ 4. ਰਚਨਾਤਮਕ ਸਮੀਕਰਨ 5. ਮਾਨਸਿਕ ਸਕਤੀ**

### 2.1.11 ਸੁਝਾਈਆਂ ਪੁਸਤਕਾਂ :

1. ਭਾਰਤੀ, ਚੇਤਨਾ, ਟੀਚਿੰਗ ਆਫ ਫਾਇਨ ਆਰਟਸ, ਕਲਿਆਣੀ ਪਬਲੀਕੇਸ਼ਨ, ਲੁਧਿਆਣਾ, 2010.

2. ਸ਼ਰਮਾ, ਐਲ. ਸੀ., ਏ ਬਰੀਫ ਹਿਸਟਰੀ ਆਫ਼ ਇੰਡੀਅਨ ਪੇਂਟਿੰਗ, ਗੋਇਲ ਪਬਲੀਕੇਸ਼ਨ ਹਾਊਸ, ਮੇਰਠ, 1997.

3. www.einwikipedia.org.

4. www.ncert.nic.in

---

ਪਾਠ ਨੰ: 2.2 ਸੋਨੂ ਪੰਨੂੰ

---

## ਸਿੱਖਿਆ ਵਿਚ ਕਲਾ: ਉਦੇਸ਼ ਅਤੇ ਟੀਚੇ, ਬਾਲ ਵਿਕਾਸ ਵਿਚ ਕਲਾ ਦੀ ਮਹੱਤਤਾ

**ਪਾਠ ਦੀ ਬਣਤਰ**

2.2.1 ਪਾਠ ਦੇ ਉਦੇਸ਼
2.2.2 ਪਾਠ ਦੀ ਜਾਣ-ਪਛਾਣ
2.2.3 ਸਿੱਖਿਆ ਵਿੱਚ ਕਲਾ
2.2.4 ਸਿੱਖਿਆ ਵਿੱਚ ਕਲਾ ਦੇ ਉਦੇਸ਼ **ਅਤੇ ਟੀਚੇ**
2.2.5 **ਬਾਲ ਵਿਕਾਸ ਵਿਚ ਕਲਾ ਦੀ ਮਹੱਤਤਾ**
2.2.6 ਸਾਰ
2.2.7 ਮੁੱਖ ਬਿੰਦੂ
2.2.8 ਸੁਝਾਏ ਗਏ ਪ੍ਰਸ਼ਨ
2.2.9 ਸਵੈ ਮੁਲਾਂਕਣ
2.2.10 ਸੁਝਾਈਆਂ ਪੁਸਤਕਾਂ

### 2.2.1 ਪਾਠ ਦੇ ਉਦੇਸ਼

1. ਸਿੱਖਿਆ ਵਿਚ ਕਲਾ ਦੇ ਅਰਥ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ।
2. ਸਿੱਖਿਆ ਵਿੱਚ ਕਲਾ ਦੇ ਉਦੇਸ਼ **ਅਤੇ ਟੀਚਿਆਂ** ਨੂੰ ਜਾਨਣਾ।
3. **ਬਾਲ ਵਿਕਾਸ ਵਿਚ ਕਲਾ ਦੀ ਮਹੱਤਤਾ** ਨੂੰ ਸਮਝਣਾ।

### 2.2.2 ਪਾਠ ਦੀ ਜਾਣ ਪਛਾਣ

ਕਲਾ, ਸੰਚਾਰ ਦਾ ਇੱਕ ਰੂਪ ਹੈ, ਜਿਸ ਦੁਆਰਾ ਵਿਅਕਤੀ ਆਪਣੇ ਵਿਚਾਰ, ਭਾਵਨਾਵਾਂ, ਜਜ਼ਬਾਤ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਦਾ ਹੈ। ਕਲਾ ਨਿਜੀ ਤਜ਼ਰਬੇ ਦਾ ਉਤਪਾਦ ਹੈ, ਇਹ ਉਹ ਅਨੁਭਵ ਹੈ ਜਿਸ ਲਈ ਮਨੁੱਖ ਖੜ੍ਹਾ ਹੈ, ਜਿਸ ਵਿੱਚ ਉਹ ਵਿਸ਼ਵਾਸ ਰੱਖਦਾ ਹੈ, ਜੋ ਉਹ ਆਪਣੇ ਡੂੰਘੇ ਪਲਾਂ ਵਿੱਚ ਮਹਿਸੂਸ ਕਰਦਾ ਹੈ। ਇਹ ਡੂੰਘੀ ਭਾਵਨਾ ਅਤੇ ਮਜ਼ਬੂਤ ਵਿਚਾਰਾਂ ਦੀ ਉਪਜ ਹੈ ਅਤੇ ਮਨੁੱਖ ਦੀਆਂ ਧਾਰਨਾਵਾਂ ਅਤੇ ਰਵੱਈਏ ਦਾ ਨਤੀਜਾ ਹੈ। ਇਹ ਸਾਨੂੰ ਨਿਵੇਕਲੇ ਢੰਗ ਅਤੇ ਮਹੱਤਵਪੂਰਨ ਤਰੀਕਿਆਂ ਰਾਹੀਂ ਸੰਸਾਰ ਨੂੰ ਸਮਝਣ ਵਿੱਚ ਮਦਦ ਕਰਦੀ ਹੈ।

ਕਲਾ ਜੀਵਨ ਦੇ ਲਗਭਗ ਹਰ ਖੇਤਰ ਵਿੱਚ ਮੌਜੂਦ ਹੈ ਅਤੇ ਇਹ ਜ਼ਿੰਦਗੀ ਵਿੱਚ ਖੁਸ਼ਹਾਲੀ ਅਤੇ ਧੀਰਜ ਰੱਖਣ ਵਿੱਚ ਮਦਦ ਕਰਦੀ ਹੈ। ਇਸ ਲਈ ਕੋਈ ਵੀ ਕੌਮ ਆਪਣੀ ਉਦਯੋਗਿਕ ਅਤੇ ਵਿਗਿਆਨਕ ਤਰੱਕੀ ਲਈ ਕਿਸੇ ਵੀ ਰਚਨਾਤਮਕ ਸਵੈ-ਪ੍ਰਗਟਾਵੇ ਨੂੰ ਅਣਦੇਖਿਆ ਨਹੀਂ ਕਰ ਸਕਦੀ ਜਿਹੜੀ ਕਿ ਕਿਸੇ ਵੀ ਸੱਭਿਆਚਾਰ ਦੇ ਮਨੁੱਖੀ ਵਿਕਾਸ ਦਾ ਅਟੁੱਟ ਅੰਗ ਹੈ। ਸਿੱਖਿਆ ਤੇ ਕਲਾ ਦਾ ਏਕੀਕਰਨ (Art integrated learning) ਅਕਾਦਮਿਕ ਸਮੱਗਰੀ ਨਾਲ ਜੋੜ ਕੇ ਕਲਾਤਮਿਕ ਹੁਨਰ ਨੂੰ ਸਿਖਾਉਣ ਦਾ ਇੱਕ ਤਰੀਕਾ ਹੈ। ਸਿੱਖਿਆ ਦੀ ਇਹ ਪਹੁੰਚ ਅਨੁਭਵ ਰਾਹੀਂ ਸਿੱਖਣ ਦੀ ਉੱਨੀ ਹੀ ਕਦਰ ਕਰਦੀ ਹੈ ਜਿੰਨੀ ਕਿ ਕਲਾ ਵਸਤੂ (Art object) ਦੀ ਰਚਨਾ ਜਾਂ ਕਾਰਗੁਜ਼ਾਰੀ ਆਧਾਰਿਤ ਸਿੱਖਿਆ।

ਸਿੱਖਿਆ ਵਿਅਕਤੀ ਵਿੱਚ ਸੁਤੰਤਰ ਸੋਚ ਤੇ ਆਤਮ-ਸਨਮਾਨ ਦੀ ਭਾਵਨਾ ਉਤਪੰਨ ਕਰਦੀ ਹੈ ਜੋ ਕਿ ਉਸ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਲੈਣ ਦੇ ਯੋਗ ਬਣਾਉਂਦੀ ਹੈ। ਇਸ ਦਾ ਉਦੇਸ਼ ਵਿਅਕਤੀ ਨੂੰ ਉਹਨਾ ਸੰਸਾਰਕ ਮੁੱਲਾਂ ਦਾ ਅਟੁੱਟ ਹਿੱਸਾ ਬਣਾਉਣ ਲਈ ਤਿਆਰ ਕਰਨਾ ਹੈ, ਜੋ ਸਮਾਜ ਨੇ ਲੰਬੇ ਸਮੇਂ ਤੋਂ ਆਪਣੇ ਵਿੱਚ ਰਹਿਣ ਵਾਲੇ ਲੋਕਾਂ ਦੇ ਵਿਵਹਾਰ ਮੁਤਾਬਿਕ ਬਣਾਇਆ ਹੈ। ਸਿੱਖਿਆ ਮਨੁੱਖੀ ਸੁਭਾਅ ਨਾਲ ਨਜਿੱਠਦੀ ਹੈ ਜਿਸਦੀ ਕਿ ਆਪਣੀ ਹੀ ਯੋਗਤਾ ਅਤੇ ਵਿਕਾਸ ਦੀ ਰਫ਼ਤਾਰ ਹੈ, ਇਸ ਦਾ ਉਦੇਸ਼ ਵਿਅਕਤੀ ਨੂੰ ਢਾਲਣਾ ਨਹੀਂ ਬਲਕਿ ਵਿਅਕਤੀ ਨੂੰ ਅੱਗੇ ਵੱਧਣ ਵਿੱਚ ਮਦਦ ਕਰਨਾ ਅਤੇ ਇੱਕ ਰਚਨਾਤਮਿਕ ਅਤੇ ਲਾਭਕਾਰੀ ਨਾਗਰਿਕ ਵਿਕਸਿਤ ਕਰਨਾ ਹੈ। ਇਸ ਦਾ ਉਦੇਸ਼ ਜੀਵਨ ਵਿੱਚ ਇੱਕ ਵਿਅਕਤੀ ਨੂੰ ਉਸ ਦੇ ਆਪਣੇ ਫੈਸਲੇ ਕਰਨ ਅਤੇ ਸੰਪੂਰਨ ਤੌਰ ’ਤੇ ਵੱਧਣ-ਫੁੱਲਣ ਵਿੱਚ ਯੋਗਦਾਨ ਪਾਉਣਾ ਹੈ। ਦੂਜੇ ਸ਼ਬਦਾਂ ਵਿੱਚ ਆਮ ਤੌਰ ’ਤੇ ਸਿੱਖਿਆ ਅਤੇ ਖਾਸ ਤੌਰ ’ਤੇ ਕਲਾ ਸਿੱਖਿਆ ਇੱਕ ਤਰੀਕਾ ਹੈ, ਜੋ ਕਿ ਵਿਅਕਤੀ ਨੂੰ ਵੱਧਣ ਫੁੱਲਣ ਅਤੇ ਕੁਦਰਤ ਦੀ ਸੁੰਦਰਤਾ ਪ੍ਰਤੀ ਸੰਵੇਦਨਸ਼ੀਲਤਾ, ਸਮਾਜਿਕ ਕਦਰਾਂ ਕੀਮਤਾਂ ਬਾਰੇ ਅਤੇ ਜ਼ਿੰਦਗੀ ਦੇ ਸੁਹਜ ਪਹਿਲੂ ਪ੍ਰਤੀ ਜਾਣੂ ਕਰਵਾਉਂਦੀ ਹੈ। ਕਲਾ ਸਿੱਖਿਆ ਵਿੱਚ ਹੱਥ ਅਤੇ ਸਰੀਰ ਦੀ ਸਿਖਲਾਈ ਨਾਲ ਹੁਨਰ ਨੂੰ ਵਿਕਸਿਤ ਕਰਨਾ ਇੱਕ ਉਦੇਸ਼ ਹੈ ਜੋ ਕਿ ਇੱਕ ਰਚਨਾਤਮਿਕ, ਪੂਰਨ ਅਤੇ ਸੰਤੁਲਤ ਸ਼ਖ਼ਸੀਅਤ ਬਣਾਉਂਦੀ ਹੈ। ਕਲਾ ਸਿੱਖਿਆ ਦਾ ਮੁੱਖ ਉਦੇਸ਼ ਰਚਨਾਤਮਿਕਤਾ, ਨਿੱਜਤਾ ਅਤੇ ਕਲਾ ਕਿਰਿਆਵਾਂ ਰਾਹੀਂ ਇਜ਼ਹਾਰ ਕਰਨ ਨੂੰ ਵਿਕਸਿਤ ਕਰਨਾ ਹੈ।

ਕਲਾ ਸਿੱਖਿਆ ਸੱਭਿਆਚਾਰਕ ਜਾਗਰੂਕਤਾ ਪ੍ਰਦਾਨ ਕਰਦੀ ਹੈ, ਸੱਭਿਆਚਾਰਕ ਰੀਤੀ-ਰਿਵਾਜ ਨੂੰ ਅੱਗੇ ਵਧਾਉਂਦੀ ਹੈ ਅਤੇ ਇੱਕ ਜ਼ਰੀਆ ਹੈ ਜਿਸ ਨਾਲ ਕਲਾ ਅਤੇ ਸੱਭਿਆਚਾਰ ਦੀ ਇਹ ਕਦਰ ਅਤੇ ਗਿਆਨ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰਦਾ ਹੈ। ਇਸ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਪ੍ਰਭਾਵੀ ਮਨ ਉੱਤੇ ਕਲਾ ਦਾ ਪ੍ਰਭਾਵ ਛੋਟੀ ਉਮਰ ਵਿੱਚ ਹੀ ਸਹੀ ਹੋਵੇ।

### 2.2.3 ਸਿੱਖਿਆ ਵਿੱਚ ਕਲਾ

ਕਲਾ ਨੂੰ ਵਿੱਦਿਅਕ ਪਾਠਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਮਿਲਿਆ ਹੈ। ਸਿੱਖਿਅਕਾਂ ਨੇ ਪੂਰੀ ਤਰ੍ਹਾਂ ਇੱਕ ਬੱਚੇ ਦੇ ਮਾਨਸਿਕ, ਮਨੋਵਿਗਿਆਨਿਕ ਅਤੇ ਸਰੀਰਕ ਵਿਕਾਸ ਲਈ ਕਲਾ ਦੇ ਮਹੱਤਵ ਨੂੰ ਸਮਝਿਆ ਹੈ। ਇਹ ਇੱਕ ਮੰਨਿਆ ਹੋਇਆ ਤੱਤ ਹੈ ਕਿ ਕਲਾ ਇੱਕ ਵਿਅਕਤੀ ਦੇ ਸੰਪੂਰਨ ਵਿਕਾਸ ਵਿੱਚ ਮਦਦ ਕਰਦੀ ਹੈ ਅਤੇ ਉਸ ਦੇ ਅੰਦਰੂਨੀ ਭਾਵ ਨੂੰ ਉਭਾਰਦੀ ਹੈ। ਕਲਾ ਵਿਦਿਆਰਥੀ ਦੇ ਹੱਥ ਵਿੱਚ ਸਮੀਕਰਣ ਅਤੇ ਸ਼ਕਤੀ ਦੇ ਨਵੇਂ ਸਾਧਨ

ਪ੍ਰਦਾਨ ਕਰਦੀ ਹੈ ਤੇ ਸੰਭਾਵਿਤ ਹੀ ਸਿੱਖਿਆ ਦਾ ਪੁਰਾਣਾ ਜਾਣੂ ਰੂਪ ਹੈ। ਕਲਾ ਦਾ ਉਦੇਸ਼ ਲਗਾਤਾਰ ਸਵੈ-ਸਮੀਕਰਨ ਅਤੇ ਆਪਣੇ-ਆਪ ਨੂੰ ਜਾਨਣ ਲਈ ਵੱਖ-ਵੱਖ ਗਤੀਵਿਧੀਆਂ ਪ੍ਰਦਾਨ ਕਰਨਾ ਹੈ। ਸਿੱਖਿਆ ਵਿੱਚ ਕਲਾ ਵਿੱਦਿਅਕ ਖੋਜ ਦਾ ਇੱਕ ਨਵਾਂ ਖੇਤਰ ਹੈ, ਜੋ ਕਿ ਕਲਾ ਦੇ ਤਜ਼ਰਬਿਆਂ ਦੁਆਰਾ ਸਿੱਖਣ ਦੇ ਤਰੀਕਿਆਂ ਦੀ ਪੜਤਾਲ ਕਰਦਾ ਹੈ। ਇਸ ਪ੍ਰਸੰਗ ਵਿੱਚ ਕਲਾ ਦੇ ਖੇਤਰ ਵਿੱਚ ਪ੍ਰਦਰਸ਼ਨ ਕਲਾ ਸਿੱਖਿਆ (Performing art education) ਜਿਵੇਂ ਕਿ (ਨਾਚ, ਡਰਾਮਾ, ਸੰਗੀਤ), ਸਾਹਿਤ ਅਤੇ ਕਾਵਿ ਰਚਨਾ, ਕਹਾਣੀ ਸੁਨਾਉਣਾ, ਫ਼ਿਲਮਾਂ ਵਿੱਚ ਵਿਜ਼ੂਅਲ ਆਰਟਸ ਐਜੂਕੇਸ਼ਨ (Visual Arts Education), ਕਰਾਫ਼ਟ, ਡਿਜ਼ਾਇਨ, ਡਿਜੀਟਲ ਆਰਟਸ (Digital Arts), ਮੀਡੀਆ (Media) ਅਤੇ ਫੋਟੋਗ੍ਰਾਫੀ ਹਨ। ਇਹ ਕਲਾ ਵਿੱਚ ਸਿੱਖਿਆ ਤੋਂ ਇਸ ਤਰ੍ਹਾਂ ਭਿੰਨ ਹੈ ਕਿ ਇਸ ਵਿੱਚ ਸਿਰਫ਼ ਕਲਾ ਪੜ੍ਹਾਈ ਹੀ ਨਹੀਂ ਜਾਂਦੀ ਬਲਕਿ ਇਸ ਵੱਲ ਧਿਆਨ ਦਿੰਦੀ ਹੈ ਕਿ:

(ੳ) ਕਿਸ ਤਰ੍ਹਾਂ ਕਲਾ ਦੁਆਰਾ ਸਿੱਖਣ ਵਿੱਚ ਸੁਧਾਰ ਕੀਤਾ ਜਾਵੇ।

(ਅ) ਕਿਸ ਤਰ੍ਹਾਂ ਕਲਾ ਹੋਰ ਵਿਸ਼ਿਆਂ ਨੂੰ ਪੜ੍ਹਨ ਵਿੱਚ ਸਹਾਈ ਹੋ ਸਕਦੀ ਹੈ।

(ੲ) ਮਨੁੱਖੀ ਵਿਵਹਾਰ ਨੂੰ ਸਮਝਣਾ, ਉਹਦੀ ਸੋਚ, ਯੋਗਤਾ ਅਤੇ ਗਿਆਨ ਪ੍ਰਾਪਤੀ ਬਾਰੇ ਖੋਜ ਕਰਨਾ, ਖਾਸ ਕਰਕੇ ਕਲਾ ਦੇ ਕੰਮ ਦਾ ਨਿਰੀਖਣ ਕਰਨ ਨਾਲ ਤੇ ਕਈ ਤਰ੍ਹਾਂ ਦੇ ਕਲਾ ਦੇ ਤਜ਼ਰਬਿਆਂ ਵਿੱਚ ਸ਼ਮੂਲੀਅਤ ਕਰਨ ਨਾਲ।

### 2.2.3.1 ਸਕੂਲ ਦੇ ਵਿਸ਼ਿਆਂ ਨਾਲ ਕਲਾ ਦਾ ਏਕੀਕਰਨ

ਕੇਵਲ ਕੁਝ ਕੁ ਵਿਸ਼ੇ ਹੀ ਵੱਖ ਰੱਖ ਕੇ ਪੜ੍ਹਾਏ ਜਾ ਸਕਦੇ ਹਨ ਅਤੇ ਵਿਸ਼ਿਆਂ ਨੂੰ ਸਮਝਣ ਲਈ ਇੱਕ ਸੰਪੂਰਨ ਨਜ਼ਰੀਏ ਦੀ ਲੋੜ ਹੁੰਦੀ ਹੈ। ਇਸ ਨੂੰ ਵਿੱਦਿਅਕ ਪੜ੍ਹਾਈ ਨਾਲ ਜੋੜ ਕੇ ਹਾਸਲ ਕੀਤਾ ਜਾ ਸਕਦਾ ਹੈ। ਏਕੀਕਰਨ ਕਲਾ ਅਤੇ ਵਿੱਦਿਅਕ ਪੜ੍ਹਾਈ ਦੇ ਅਧਿਆਪਕਾਂ ਨੂੰ ਸ਼ਾਮਿਲ ਕਰ ਕੇ ਕਲਾਸ ਦੇ ਏਜੰਡੇ ਦੀ ਇਸ ਤਰ੍ਹਾਂ ਸਥਾਪਨਾ ਕਰਦਾ ਹੈ ਤਾਂ ਕਿ ਵਿੱਦਿਅਕ ਵਿਸ਼ੇ ਵਿਜ਼ੁਅਲ (Visual) ਤੇ ਪ੍ਰਦਰਸ਼ਨ ਕਲਾ (Performing Arts) ਦਾ ਵੀ ਹਿੱਸਾ ਬਨਣ। ਇਹ ਮਲਟੀਪਲ ਇੰਟੈਲੀਜੈਂਸ (Multiple intelligence) ਦੀ ਧਾਰਨਾ ਦੇ ਅਨੁਕੂਲ ਹੈ ਅਤੇ ਅਧਿਆਪਕਾਂ ਨੂੰ ਇਹ ਸਮਝਣ ਲਈ ਕਈ ਤਰ੍ਹਾਂ ਦੇ ਤਰੀਕੇ ਪ੍ਰਦਾਨ ਕਰਦਾ ਹੈ ਤੇ ਕੀ ਵਿਦਿਆਰਥੀਆਂ ਨੂੰ ਸਬਕ ਸਮਝ ਆ ਗਿਆ ਹੈ ਕਿ ਨਹੀਂ।

ਕਿਸੇ ਥੀਮ ਸੰਬੰਧਿਤ ਕਹਾਣੀ ਦੇ ਜ਼ਰੀਏ ਬੱਚੇ ਖੇਡ ਮੈਦਾਨ ਵਿੱਚ ਖੇਡ ਖੇਡਦੇ ਹਨ, ਗਾਉਂਦੇ ਤੇ ਨੱਚਦੇ ਹਨ, ਆਪਣੇ ਵਿਚਾਰ ਸਾਂਝੇ ਕਰਦੇ ਹਨ, ਕਹਾਣੀਆਂ ਸੁਣਦੇ ਹਨ ਤੇ ਨਿਯਮ ਬਣਾਉਂਦੇ ਹਨ। ਇਸ ਤਰ੍ਹਾਂ ਉਹ ਆਪਣੀਆਂ ਕਹਾਣੀਆਂ ਤੇ ਗਾਣੇ ਬਣਾਉਂਦੇ ਹਨ, ਜਗ੍ਹਾਂ ਨੂੰ ਸਜਾਉਂਦੇ ਹਨ, ਆਪਣੇ ਹੱਥ ਨਾਲ ਚੀਜ਼ਾਂ ਤਿਆਰ ਕਰਦੇ ਹਨ ਅਤੇ ਆਪਣੇ ਤਜ਼ਰਬਿਆਂ ਰਾਹੀਂ ਸਿੱਖਦੇ ਹਨ। ਪ੍ਰੋਜੈਕਟਸ ਦੁਆਰਾ ਬੱਚੇ ਦੂਜੇ ਵਿਸ਼ਿਆਂ ਨਾਲ ਸੰਬੰਧਿਤ ਮਾਡਲ ਬਣਾਉਣਾ ਆਪ ਹੀ ਸਿੱਖ ਜਾਂਦੇ ਹਨ। ਏਕੀਕਰਨ ਅੰਦਰੂਨੀ ਰੁਕਾਵਟਾਂ ਨੂੰ ਕਾਬੂ ਕਰਨ ਵਿੱਚ ਮਦਦਗਾਰ ਹੁੰਦਾ ਹੈ ਅਤੇ ਜਗਿਆਸਾ ਨੂੰ ਉਤਸ਼ਾਹਿਤ ਕਰਦਾ ਹੈ ਤੇ ਨਾਲ-ਨਾਲ ਵਿਅਕਤੀਗਤ ਮੂਲ ਰੂਪ ਕਾਇਮ ਰੱਖਣ ਵਿੱਚ ਸਹਾਈ ਹੁੰਦਾ ਹੈ।

### 2.2.3.2 ਸਿੱਖਿਆ ਵਿੱਚ ਕਲਾ ਪਹੁੰਚ ਦੀਆਂ ਵਿਸ਼ੇਸ਼ਤਾਵਾਂ

ਮਿਆਰੀ ਸਿੱਖਿਆ ਨਵੇਂ ਯੁੱਗ ਦਾ ਸਾਹਮਣਾ ਕਰਨ ਲਈ ਇੱਕ ਚੁਣੌਤੀ ਹੈ। ਅੱਜ ਦੇ ਸੰਸਾਰ ਦੀਆਂ ਜ਼ਰੂਰੀ ਲੋੜਾਂ ਦੇ ਪ੍ਰਤੀਕਰਮ ਲਈ ਸਿੱਖਿਆ ਨੂੰ ਸਿਰਫ ਗਿਆਨ ਤੇ ਤਕਨੀਕ ਹੀ ਨਹੀਂ ਸਿਖਾਉਣੀ ਚਾਹੀਦੀ ਪਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਵੀ ਕਰਨਾ ਹੈ। ਉਹਨਾਂ ਦੇ ਜਜ਼ਬਾਤੀ ਵਿਕਾਸ ਅਤੇ ਨੈਤਿਕ ਚੇਤਨਾ ਦਾ ਸਮਰਥਨ ਕਰਨਾ ਹੈ ਤਾਂ ਜੋ ਉਹਨਾਂ ਦੀ ਰਚਨਾਤਮਕਤਾ ਦਾ ਵਿਕਾਸ ਹੋਵੇ। ਸਿੱਖਿਅਕ, ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਵਾਲੀ ਸਿੱਖਿਆ ਦੀ ਮਹੱਤਤਾ ਵੱਲ ਧਿਆਨ ਦੇ ਰਹੇ ਹਨ, ਉਹ ਕਲਾ ਸਿੱਖਿਆ ਦੀ ਵਧਦੀ ਮਹੱਤਤਾ ਤੋਂ ਜਾਣੂ ਹਨ, ਅਤੇ ਇਹ ਦਾਅਵਾ ਕਰਦੇ ਹਨ ਕਿ ਕਲਾ ਸਿੱਖਿਆ ਨੂੰ ਹੁਣ ਸੈਕੰਡਰੀ ਵਿਸ਼ੇ ਦੇ ਤੌਰ ਤੇ ਨਹੀਂ ਮੰਨਿਆ ਜਾਣਾ ਚਾਹੀਦਾ। "21 ਵੀਂ ਸਦੀ ਲਈ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਯੂਨੈਸਕੋ (UNESCO) ਦਾ ਦਸਤਾਵੇਜ਼ ਕਹਿੰਦਾ ਹੈ, ਕਲਾ ਸਿੱਖਿਆ, ਮਿਆਰੀ ਸਿੱਖਿਆ ਦਾ ਜ਼ਰੂਰੀ ਖੇਤਰ ਹੈ। ਇਸ ਲਈ ਕਲਾ ਸਿੱਖਿਆ ਵਿੱਚ ਗੁਣਵੱਤਾ ਬਿਨ੍ਹਾਂ ਮਿਆਰੀ ਸਿੱਖਿਆ ਨੂੰ ਸੰਪੂਰਨ ਨਹੀਂ ਸਮਝਿਆ ਜਾ ਸਕਦਾ"। ਸਿੱਖਿਆ ਵਿੱਚ ਕਲਾ ਦੀ ਪਹੁੰਚ ਦੀਆਂ ਕੁਝ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

1. ਸਿੱਖਿਆ ਵਿੱਚ ਕਲਾ ਵਿਦਿਆਰਥੀਆਂ ਨੂੰ ਗਿਆਨ ਤੇ ਹੁਨਰ ਪ੍ਰਦਾਨ ਕਰਨ ਲਈ ਪਾਠਕ੍ਰਮ ਵਿੱਚ ਕਲਾ ਨੂੰ ਇੱਕ ਸਾਧਨ ਦੇ ਤੌਰ ਤੇ ਵਰਤਦੀ ਹੈ ਜਿਸ ਨਾਲ ਉਹਨਾਂ ਦਾ ਬੋਧਿਕ ਵਿਕਾਸ ਹੁੰਦਾ ਹੈ ਅਤੇ ਨਵੀਨਤਾ ਤੇ ਸਿਰਜਣਾਤਮਕ ਸੋਚ ਨੂੰ ਉਤਸ਼ਾਹ ਮਿਲਦਾ ਹੈ।
2. ਸਿੱਖਿਆ ਵਿੱਚ ਕਲਾ ਦੀ ਪਹੁੰਚ ਦੀ ਅਕਸਰ "ਮਲਟੀਪਲ ਇੰਟੈਲੀਜੈਂਸ" ਦੀ ਧਾਰਨਾ ਦੁਆਰਾ ਵਿਆਖਿਆ ਕੀਤੀ ਜਾਂਦੀ ਹੈ ਜੋ ਕਿ ਇਹ ਵਿਸ਼ਵਾਸ ਕਰਦੀ ਹੈ ਕਿ ਇੰਟੈਲੀਜੈਂਸ ਕਈ ਤਰ੍ਹਾਂ ਦੀ ਹੁੰਦੀ ਹੈ ਅਤੇ ਸਿੱਖਣ ਦੇ ਵੀ ਕਈ ਤਰੀਕੇ ਹੁੰਦੇ ਹਨ।

ਇਸ ਲਈ ਵਿਦਿਆਰਥੀਆਂ ਵਿੱਚ ਹੁਨਰ ਤੇ ਕਾਬਲੀਅਤ ਪੈਦਾ ਕਰ ਕੇ ਅਤੇ ਕਲਾਸ ਵਿੱਚ ਇੱਕ ਸਰਗਰਮ ਭਾਗੀਦਾਰੀ ਲੈਣ ਲਈ ਉਤਸ਼ਾਹਿਤ ਕਰ ਕੇ, ਕਲਾ ਸਿੱਖਿਆ ਨੂੰ ਮਿਆਰੀ ਸਿੱਖਿਆ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਇੱਕ ਸਾਧਨ ਦੇ ਤੌਰ 'ਤੇ ਮਾਨਤਾ ਪ੍ਰਾਪਤ ਹੈ।

### 2.2.4 ਸਿੱਖਿਆ ਵਿਚ ਕਲਾ ਦੇ ਉਦੇਸ਼ ਅਤੇ ਟੀਚੇ

ਕਲਾ ਰਚਨਾਤਮਕਤਾ ਅਤੇ ਕਲਪਨਾ ਨੂੰ ਉਤਸ੍ਹਾਹਿਤ ਕਰਦੀ ਹੈ। ਇਹ ਵਿਜ਼ੂਅਲ (visual) ਸਪਰਸ਼ (Tactile) ਤੇ ਸੰਵੇਦੀ (Sensory) ਅਨੁਭਵ ਦਿੰਦੀ ਹੈ ਅਤੇ ਸੰਸਾਰ ਨੂੰ ਸਮਝਣ ਤੇ ਪ੍ਰਤਿਕਿਰਿਆ ਦੇਣ ਦਾ ਵਿਸ਼ੇਸ਼ ਤਰੀਕਾ ਦੱਸਦੀ ਹੈ। ਇਹ ਬੱਚਿਆਂ ਨੂੰ ਰੰਗ, ਰਚਨਾ, ਰੂਪ ਨਮੂਨਾ ਤੇ ਵੱਖ ਵੱਖ ਚੀਜਾਂ ਦੀ ਵਰਤੋਂ ਨਾਲ ਦਰਸਾਉਣ ਦੇ ਸਮਰੱਥ ਬਣਾਉਂਦੇ ਹਨ ਕਿ ਉਹ ਕੀ ਦੇਖਦੇ, ਮਹਿਸੂਸ ਕਰਦੇ ਤੇ ਸੋਚਦੇ ਹਨ। ਬੱਚੇ ਕਲਾ ਤੇ ਡਜਾਇਨ ਗਤੀਵਿਧੀਆਂ (activities) ਰਾਹੀਂ ਆਪਣੇ ਵਾਤਾਵਰਨ ਨੂੰ ਰੂਪ ਦੇਣ ਵਿਚ ਜੁੱਟਦੇ ਹਨ। ਉਹ ਫੈਸਲੇ ਲੈਣਾ ਸਿੱਖਦੇ ਹਨ। ਉਹ ਕਲਾਕਾਰਾਂ ਅਤੇ ਡਿਜ਼ਾਇਨਾਂ ਦੇ ਕੰਮਾਂ ਰਾਹੀਂ ਵਿਚਾਰਾਂ ਤੇ ਅਰਥਾਂ ਨੂੰ ਖੋਜਦੇ ਹਨ। ਕਲਾਂ ਦੀ ਭੂਮਿਕਾਵਾਂ ਬਾਰੇ ਸਿੱਖਣ ਦੇ ਜ਼ਰੀਏ, ਉਹ ਵੱਖ-ਵੱਖ ਸਮੇਂ ਤੇ ਸਭਿਆਚਾਰਾਂ ਤੇ ਇਸ ਦੇ ਅਸਰ ਨੂੰ ਖੋਜ ਸਕਦੇ ਹਨ। ਕਲਾ ਦੀ ਕਦਰ ਅਤੇ ਆਨੰਦ ਸਾਡੀ ਜੀਵਨੀ ਨੂੰ ਸੰਪੰਨ ਬਣਾਉਂਦੀ ਹੈ।

**ਸਿੱਖਿਆ ਵਿਚ ਕਲਾ ਦੇ ਉਦੇਸ਼ ਇਸ ਪ੍ਰਕਾਰ ਹਨ:-**

1. ਬੱਚਿਆਂ ਨੂੰ ਆਪਣੇ-ਆਪ ਸਿੱਖਣ ਤੇ ਕਲਪਨਾ ਤੋਂ ਅਤੇ ਆਪਣੇ ਵਿਚਾਰਾਂ ਦੀ ਚੋਣ ਕਰ ਕੇ ਕੰਮ ਵਿਚ ਵਰਤਣ ਦੇ ਸਮਰੱਥ ਬਣਾਉਣਾ।
2. ਕਲਪਨਾ ਅਤੇ ਵਿਚਾਰਾਂ ਨੂੰ ਗੁੰਝਲਦਾਰ ਸਰਗਰਮੀਆਂ ਰਾਹੀਂ ਵਿਕਸਿਤ ਕਰਨਾ।
3. ਬੱਚਿਆਂ ਦੀ ਸਾਧਨਾਂ ਤੇ ਤਕਨੀਕਾਂ ਤੇ ਨਿਯੰਤਰਣ ਬਣਾਉਣ ਲਈ ਉਹਨਾਂ ਦੀ ਯੋਗਤਾ ਨੂੰ ਬਿਹਤਰ ਬਣਾਉਣਾ।
4. ਵੱਖੋ-ਵੱਖਰੇ ਸਮਿਆਂ ਅਤੇ ਸਭਿਆਚਾਰਾਂ ਦੇ ਕਲਾਂ ਤੇ ਡਿਜ਼ਾਇਨ ਦੀ ਭੂਮਿਕਾਂ ਤੇ ਉਦੇਸ਼ਾਂ ਬਾਰੇ ਜਾਗਰੂਕਤਾ ਨੂੰ ਵਧਾਉਣਾ।
5. ਵਿਜ਼ੂਅਲ (Visual) ਅਤੇ ਸਰਪਰਸ਼ (tactile) ਤੱਤਾਂ (elements) ਦੀ ਵਰਤੋਂ ਵਿਚ ਆਤਮ-ਵਿਸ਼ਵਾਸ ਨੂੰ ਵਿਕਸਿਤ ਕਰਨਾ।
6. ਦਰਸ਼ਨੀ ਕਲਾ ਦੀ ਪ੍ਰਸ਼ੰਸਾ ਤੇ ਕਲਾਕਾਰਾਂ, ਕਾਰੀਗਰਾਂ ਅਤੇ ਡਿਜ਼ਾਇਨਰਾਂ ਬਾਰੇ ਗਿਆਨ ਨੂੰ ਉਤਸ਼ਾਹਿਤ ਕਰਨ।

### 2.2.5 ਬਾਲ ਵਿਕਾਸ ਵਿਚ ਕਲਾ ਦੀ ਮਹੱਤਤਾ:

ਕਲਾ ਵਿਚ ਸਿੱਖਿਆ ਕਿਸੇ ਵੀ ਬੱਚੇ ਦੇ ਵਿਕਾਸ ਦਾ ਮਹੱਤਵਪੂਰਨ ਹਿੱਸਾ ਹੈ ਕਿਉਂਕਿ ਇਹ ਟੀਮਵਰਕ (Teamwork) ਵਿਸ਼ਲੇਸ਼ਣੀ (analytical) ਅਤੇ ਸਿਰਜਣਾਤਮਕ ਹੁਨਰ (Creative Skills) ਸਿਖਾਉਂਦੀ ਹੈ। ਇਹਨਾਂ ਹੁਨਰਾਂ ਨੂੰ ਅਕਸਰ ਰਵਾਇਤੀ ਪਾਠਕ੍ਰਮ ਤੋਂ ਬਾਹਰ ਰੱਖਿਆ ਜਾਂਦਾ ਹੈ ਜੋ ਕਿ ਗਣਿਤ ਅਤੇ ਵਿਗਿਆਨ ਵਰਗੇ ਤਕਨੀਕੀ ਹੁਨਰ (Teachnical skills) ਤੇ ਜ਼ੋਰ ਦਿੰਦੇ ਹਨ, ਜਿਹੜੇ ਕਿ ਵਿਦਿਆਰਥੀ ਨੂੰ ਅੰਡਰਗਰੈਜੂਏਟ, ਮਾਸਟਰ ਤੇ ਪੀ.ਐਚ.ਡੀ. ਵਰਗੀਆਂ ਫਾਇੰਦੇਮੰਦ ਖੇਤਰ ਦੀਆਂ ਡਿਗਰੀਆਂ ਲਈ ਤਿਆਰ ਕਰ ਸਕਣ। ਇਸ ਤਰ੍ਹਾਂ ਬੱਚਿਆਂ ਦੇ ਵਿਅਕਤੀਗਤ ਪ੍ਰਗਟਾਵੇ ਅਤੇ ਨਿਜੀ ਵਿਕਾਸ ਲਈ ਕੋਈ ਮੌਕਾ ਨਹੀਂ ਰਹਿ ਜਾਂਦਾ।

ਕਲਾ ਇਕ ਸਿਹਤਮੰਦ, ਅਰਥਪੂਰਨ ਮਾਧਿਅਮ ਦੇ ਤੌਰ ਤੇ ਬੱਚਿਆਂ ਨੂੰ ਆਪਣੀ ਜ਼ਿੰਦਗੀ ਵਿਚ ਨਿਰਾਸ਼ਾ ਦਾ ਸਾਹਮਣਾ ਕਰਨ ਵਿਚ ਮਦਦ ਕਰ ਸਕਦੀ ਹੈ। ਇਸ ਤੋਂ ਇਲਾਵਾਂ, ਕਲਾ ਨਾਲ ਸੰਪਰਕ ਅਤੇ ਆਪਣੀ ਕਲਾ ਨੂੰ ਵਿਕਾਸ ਕਰਨ ਦਾ ਮੌਕਾ ਬੱਚਿਆਂ ਨੂੰ ਭਿੰਨ-ਭਿੰਨ ਤਰ੍ਹਾ ਦੇ ਤਜਰਬੇ ਦਿੰਦਾ ਹੈ ਜੋ ਉਨ੍ਹਾਂ ਨੂੰ ਕਲਾਸਰੂਮ ਵਿਚ ਵੀ ਮਦਦ ਕਰ ਸਕਦੇ ਹਨ। ਕਲਾਸਰੂਮ ਵਿਚ, ਕਲਾ ਦੀ ਸਿੱਖਿਆ ਬੱਚੇ ਦੇ ਨਿਜੀ ਵਿਕਾਸ ਲਈ ਇਕ ਮਹੱਤਵਪੂਰਨ ਹਿੱਸਾ ਹੈ। ਕਈ ਅਧਿਐਨਾਂ ਨੇ ਸਿੱਟਾ ਕੱਢਿਆ ਹੈ ਕਿ ਛੋਟੀ ਉਮਰ ਵਿਚ ਕਲਾ ਦੀ ਸਿੱਖਿਆ ਬਹੁਤ ਮਹੱਤਵਪੂਰਨ ਹੈ, ਕਿਉਂਕਿ ਇਸ ਦੌਰਾਨ ਬੱਚੇ ਦੀ ਆਲੋਚਨਾਤਮਕ ਸੋਚ (Critical thinking) ਅਤੇ ਸਮੱਸਿਆ ਨੂੰ ਹੱਲ ਕਰਨ ਦੇ ਹੁਨਰ ਦਾ ਵਿਕਾਸ ਹੋ ਰਿਹਾ ਹੁੰਦਾ ਹੈ। ਵਿਦਿਆਰਥੀਆਂ ਨੂੰ ਕਲਾ ਰਾਹੀਂ ਆਪਣੀ ਮੋਟਰ ਸਕਿਲ (Motor Skills) ਨੂੰ ਵਧੀਆਂ ਕਰਨ ਦਾ ਮੌਕਾ ਮਿਲਦਾ ਹੈ। ਸੰਗੀਤ ਕਲਾ ਵਿਚ ਵਿਦਿਆਰਥੀ ਆਪਣੇ ਸੰਗੀਤ ਨੋਟਸ ਦੇ ਗਿਆਨ ਦੀ ਵਰਤੋਂ ਕਰਕੇ ਇਸ ਨੂੰ ਗਣਿਤ ਦੇ ਹੁਨਰ ਵਿਚ ਬਦਲ ਸਕਦੇ ਹਨ। ਸੰਗੀਤ ਰਿਦਮ ਵਿਦਿਆਰਥੀਆਂ ਨੂੰ ਅੰਸ਼, ਗਿਣਤੀ ਤੇ ਪੈਟਰਨ ਸਿੱਖਣ ਦਾ ਤਰੀਕਾ ਪ੍ਰਦਾਨ ਕਰਦਾ ਹੈ ਜੋ ਕਿ ਰਵਾਇਤੀ ਕਲਾਸਰੂਮ ਨਹੀਂ ਸਿਖਾ ਸਕਦੇ। ਜਿਵੇਂ ਕਿ, ਮੁੱਢਲਾ ਬਚਪਨ ਬੱਚਿਆਂ ਨੂੰ ਵੱਖ ਵੱਖ ਕਲਾਤਮਕ ਵਿਸ਼ੇ ਸਿਖਾਉਣ ਲਈ ਇਕ ਆਦਰਸ਼ਕ ਪੜਾਅ ਹੈ। ਬਾਲ ਵਿਕਾਸ ਵਿਚ ਕਲਾ ਦੀ ਮਹੱਤਤਾ ਹੇਠ ਲਿਖੇ ਅਨੁਸਾਨ ਹੈ:

1. **ਮੋਟਰ ਸਕਿਲਜ਼ (Motor Skills)** ਜਦੋਂ ਬੱਚੇ ਕਲਾ ਅਤੇ ਸ਼ਿਲਪਕਾਰੀ ਬਣਾਉਣ ਵਿੱਚ ਹਿੱਸਾ ਲੈਂਦੇ ਹਨ ਤਾਂ ਉਸ ਵਿੱਚ ਬਹੁਤ ਸਾਰੀਆਂ ਕਿਰਿਆਵਾਂ ਸ਼ਾਮਲ ਹੁੰਦੀਆਂ ਹਨ, ਪੇਂਟ ਬੁਰਸ਼ ਨੂੰ ਫੜਨ ਤੋਂ ਲੈ ਕੇ ਰੰਗ ਕਰਨ ਤੱਕ, ਇਕ ਬੱਚੇ ਦੀ ਇਸ ਹੱਥੀਂ ਕੰਮ ਕਰਨ ਦੀ ਵਿਧੀ ਦੁਆਰਾ ਮੋਟਰ ਸਕਿਲਜ਼ ਵਿਕਸਿਤ ਹੁੰਦੀਆਂ ਹਨ। ਹੋਰ ਕਾਰਜ ਜਿਵੇਂ ਕਿ ਕੈਂਚੀ ਦੀ ਵਰਤੋਂ ਕਰਨਾ। ਬੱਚਿਆਂ ਦੀ ਲਿਖਨ ਦੀ ਨਿਪੁੰਨਤਾ ਨੂੰ ਵਿਕਸਿਤ ਕਰਨ ਵਿਚ ਮਦਦ ਕਰਦੇ ਹਨ।

2. **ਭਾਸ਼ਾ ਦਾ ਵਿਕਾਸ (language development)** ਕੰਮ ਦੇ ਦੌਰਾਨ ਆਪਣੇ ਹੱਥਾਂ ਨੂੰ ਗੰਦੇ ਕਰਨ ਦੇ ਨਾਲ ਨਾਲ ਬੱਚਿਆਂ ਨੂੰ ਰੰਗ, ਆਕਾਰ ਅਤੇ ਹੋਰ ਕੰਮ ਕਰਕੇ ਆਪਣੀ ਸ਼ਬਦਾਵਲੀ (vocabulary) ਵਧਾਉਣ ਦਾ ਮੌਕਾ ਮਿਲਦਾ ਹੈ। ਇਹ ਬੱਚਿਆਂ ਨੂੰ ਉਹਨਾਂ ਦੀ ਸਿਰਜਣਾ ਬਾਰੇ ਚਰਚਾ ਕਰਨ ਲਈ ਵਿਆਖਿਆ ਸ਼ਬਦਾਂ ਦੀ ਵਰਤੋਂ ਕਰਨ ਵਿਚ ਮਦਦ ਕਰਦੀ ਹੈ, ਇਹ ਉਨ੍ਹਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਕਲਾਵਾਂ ਨੂੰ ਦੇਖ ਕੇ ਭਾਵਨਾਵਾਂ ਪ੍ਰਗਟਾਉਣ ਵਿਚ ਮਦਦ ਕਰਦੀ ਹੈ ਜਦ ਨੂੰ ਉਹ ਐਲੀਮੈਂਟਰੀ ਸਕੂਲ ਵਿਚ ਪਹੁੰਚਦੇ ਹਨ।

3. **ਫੈਸਲੇ ਲੈਣਾ (Decision making)** ਅਧਿਐਨ ਦਰਸਾਉਂਦੇ ਹਨ ਕਿ ਕਲਾ ਦੀ ਸਿੱਖਿਆ ਛੋਟੇ ਬੱਚਿਆਂ ਵਿੱਚ ਸੋਚਣ ਅਤੇ ਸਮੱਸਿਆ ਦੇ ਹੱਲ ਕਰਨ ਦੇ ਹੁਨਰ ਨੂੰ ਮਜ਼ਬੂਤ ਬਣਾਉਂਦੀ ਹੈ। ਕਲਾ ਬਣਾਉਣ ਦੀ ਪ੍ਰਕਿਰਿਆ ਬੱਚਿਆਂ ਨੂੰ ਵਿਕਲਪ ਦਿੰਦੀ ਹੈ ਅਤੇ ਉਹਨਾਂ ਨੂੰ ਕਲਾ ਬਣਾਉਣ ਦੇ ਤਰੀਕੇ ਵਿੱਚ ਫੈਸਲਾ ਲੈਣ ਦੀ ਇੱਛਾ ਜਾਗਰੂਕ ਕਰਦੀ ਹੈ। ਇਹ ਅਹਿਮ ਹੁਨਰ ਉਨ੍ਹਾਂ ਨੂੰ ਜਿੰਦਗੀ ਵਿਚ ਕੰਮ ਆਉਂਦਾ ਹੈ। ਜਿਵੇਂ ਕਿ ਕਲਾ ਰਾਹੀ ਖੋਜ ਕਰਨਾ ਬੱਚਿਆਂ ਨੂੰ ਜੀਵਨ ਦੇ ਹੋਰ ਖੇਤਰਾਂ ਵਿੱਚ ਕੁਝ ਨਵਾਂ ਕਰਨ ਲਈ ਪ੍ਰੇਰਿਤ ਕਰੇਗੀ, ਨਾ ਸਿਰਫ਼ ਇਹ ਰਚਨਾਤਮਕਤਾ ਤੇ ਕਲਪਨਾ ਨੂੰ ਉਜਾਗਰ ਕਰੇਗੀ, ਪਰ ਬੱਚੇ ਆਪਣੀ ਵੱਖਰੀ ਸੋਚ ਰਾਹੀਂ (critical thinking) ਜਿੰਦਗੀ ਦੀਆਂ ਸਮੱਸਿਆਵਾਂ ਦਾ ਹੱਲ ਵੀ ਲੱਭ ਸਕਦੇ ਹਨ।

4. **ਸੱਭਿਆਚਾਰਕ ਜਾਗਰੂਕਤਾ (Cultural Awareness)** ਬੱਚਿਆਂ ਨੂੰ ਸਮਾਜ ਦੇ ਵੱਖ ਵੱਖ ਪਹਿਲੂਆਂ ਤੋਂ ਜਾਣੂ ਕਰਵਾਉਣ ਨਾਲ ਆਲੇ ਦੁਆਲੇ ਦੇ ਮਾਹੌਲ ਨੂੰ ਸਮਝਣ ਵਿਚ ਮਦਦ ਮਿਲਦੀ ਹੈ, ਇਸ ਤਰੀਕੇ ਨਾਲ ਉਹ ਆਪਣੇ ਸਮਾਜ ਦੀਆਂ ਭਿੰਨਤਾਵਾਂ ਨੂੰ ਅਪਨਾਉਂਦੇ ਹਨ ਜਿਸ ਵਿਚ ਅਸੀਂ ਰਹਿੰਦੇ ਹਾਂ।

5. **ਨਿਊਰਲ ਕੁਨੈਕਸ਼ਨਜ਼ ਨੂੰ ਉਤਸ਼ਾਹਿਤ ਕਰਨਾ (Encourages neural connections)** ਕਲਾ ਲਈ ਨਜ਼ਰ, ਆਵਾਜ਼, ਸੁਆਦ ਅਤੇ ਗੰਧ ਦੀਆਂ ਇੰਦਰੀਆਂ ਦੀ ਵਰਤੋਂ ਹੁੰਦੀ ਹੈ। ਬੱਚਿਆਂ ਦੇ ਦਿਮਾਗ ਦੇ ਨਿਊਰਾਨਜ਼ (neurave) ਜਾਗਰਿਤ ਹੁੰਦੇ ਹਨ ਜੋ ਉਹਨਾ ਦੀ ਰਚਨਾਤਮਕਤਾ ਨੂੰ ਵਧਾਉਂਦੇ ਹਨ। ਛੋਟੇ ਬੱਚਿਆਂ ਵਿੱਚ, ਕਲਾਤਮਕ ਗਤੀਵਿਧੀਆਂ ਸਰਵ-ਪੱਖੀ ਸ਼ਖਸੀਅਤ, ਸਵੈ-ਮਾਣ ਅਤੇ ਬਿਹਤਰ ਮਾਨਸਿਕ ਸਿਹਤ ਬਨਾਉਣ ਵਿੱਚ ਸਹਾਈ ਹੁੰਦੀਆਂ ਹਨ।

### 2.2.6 ਸਾਰ

ਕਲਾ ਮਨੁੱਖ ਜਾਤੀ ਲਈ ਕੋਈ ਅਨਜਾਣ ਵਿਸ਼ਾ ਨਹੀਂ ਹੈ ਅਤੇ ਇਹ ਕਈ ਤਰ੍ਹਾਂ ਦੀਆਂ ਕਲਾ ਕ੍ਰਿਤਾਂ ਜਿਵੇਂ ਕਿ ਪ੍ਰਦਰਸ਼ਨ, ਵਿਜ਼ੁਅਲ, ਸਾਹਿਤ ਤੇ ਕਰਾਫਟ ਦਾ ਸੁਮੇਲ ਹੈ। ਹਰ ਇੱਕ ਮੌਜੂਦਾ ਸਭਿਆਚਾਰ ਦੀਆਂ ਵਿਲੱਖਣ ਕਲਾ ਕ੍ਰਿਤਾਂ ਤੇ ਸੰਸਕ੍ਰਿਤੀ ਹੁੰਦੀ ਹੈ। ਉਹਨਾਂ ਦੀ ਰਚਨਾਤਮਕਤਾ ਤੇ ਕਲਾਤਮਕਤਾ ਦੀ ਵਿਲੱਖਣਤਾ ਮਨੁੱਖ ਦੇ ਸਮਕਾਲੀ ਤੇ ਰਵਾਇਤੀ ਵਿਹਾਰ ਨੂੰ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ, ਇਸਦਾ ਅਧਿਐਨ ਮਹਾਨਤਾ, ਵਿਰਸਾ, ਸੁੰਦਰਤਾ ਤੇ ਮਨੁੱਖੀ ਸਭਿਆਤਾਵਾਂ ਦੇ ਏਕੀਕਰਨ ਲਈ ਯੋਗਦਾਨ ਪਾਉਂਦਾ ਹੈ। ਸਦੀਆਂ ਤੋਂ ਕਲਾ ਦੁਆਰਾ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਦਾ ਇਤਿਹਾਸਕ ਪਿਛੋਕੜ ਹੀ ਕਲਾ ਸਿੱਖਿਆ ਦਾ ਆਧਾਰ ਹੈ।

ਸਿੱਖਿਆ ਵਿੱਚ ਕਲਾ ਦੀ ਉਚਿੱਤ ਭੂਮਿਕਾ ਬਾਰੇ ਬਹਿਸ ਜਾਰੀ ਹੈ ਅਤੇ ਇਹ ਹੋਣੀ ਚਾਹੀਦੀ ਹੈ। ਕਲਾ ਦੁਆਰਾ ਸਿੱਖਣ ਅਤੇ ਸਿਖਾਉਣ ਦੇ ਤਰੀਕੇ ਬਾਰੇ ਕਈ ਮੁੱਢਲੇ ਸਵਾਲ ਹਨ। ਆਮ ਤੌਰ 'ਤੇ ਗੱਲ ਕਰੀਏ ਤਾਂ ਕਲਾ ਸਿੱਖਿਆ, 'ਕਲਾ ਖ਼ਾਤਰ ਕਲਾ' ਦੀ ਰਵਾਇਤੀ ਭੂਮਿਕਾ 'ਤੇ ਜ਼ੋਰ ਦਿੰਦੀ ਹੈ ਜਿਵੇਂ ਕਿ ਕਲਾ ਦੇ ਕੰਮ ਵਿੱਚ ਹੁਨਰ ਪ੍ਰਾਪਤ ਕਰਨਾ। ਇਹ ਮਨੁੱਖ ਨੂੰ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਤੇ ਕਲਾ ਕ੍ਰਿਤਾਂ ਦੀ ਸੁੰਦਰਤਾ ਦੀ ਪ੍ਰਸ਼ੰਸਾ ਕਰਨ ਦੇ ਯੋਗ ਬਣਾਉਂਦੀ ਹੈ। ਕਲਾ ਸਿੱਖਿਆ ਦੇ ਇਸ ਸਭ ਤੋਂ ਮਹੱਤਵਪੂਰਨ ਯੋਗਦਾਨ ਤੋਂ ਧਿਆਨ ਹਟਾਏ

ਬਗੈਰ ਇਹ ਜ਼ਰੂਰੀ ਹੋਵੇਗਾ ਕਿ ਕਲਾ ਸਿੱਖਿਆ ਦਾ ਧਿਆਨ ਬੌਧਿਕਤਾ ਦੇ ਸਕਾਰਾਤਮਕ ਪਹਿਲੂ ਵੱਲ ਵੀ ਦਿਵਾਇਆ ਜਾਵੇ ਜਿਵੇਂ ਕਿ ਸੂਝਬੂਝ, ਯਾਦ ਸ਼ਕਤੀ ਤੇ ਮਾਨਤਾ।

ਕਲਾ ਵਿੱਚ ਸਿੱਖਿਆ ਬੱਚੇ ਦੇ ਵਿਕਾਸ ਲਈ ਅਹਿਮ ਹੈ। ਕਈ ਸਕੂਲ ਬੋਰਡ ਇਹ ਮਹਿਸੂਸ ਕਰਦੇ ਹਨ ਕਿ ਕਲਾ ਸਿੱਖਿਆ ਜ਼ਰੂਰੀ ਨਹੀਂ ਹੈ ਅਤੇ ਬੱਚਿਆਂ ਦੀ ਜ਼ਿੰਦਗੀ ਵਿੱਚ ਇਸ ਦੀ ਖਾਸ ਮਹੱਤਤਾ ਨਹੀਂ ਹੈ। ਕਲਾ ਦੀਆਂ ਕਲਾਸਾਂ ਦੀ ਲਗਾਤਾਰ ਅਜਿਹੇ ਵਿਸ਼ੇ ਜਿਵੇਂ ਕਿ ਗਣਿਤ ਤੇ ਅੰਗਰੇਜ਼ੀ ਨਾਲ ਤੁਲਨਾ ਕੀਤੀ ਜਾਂਦੀ ਹੈ। ਕਈ ਲੋਕ ਇਹ ਸੋਚਦੇ ਹਨ ਕਿ ਇਹ ਜ਼ਰੂਰੀ ਵਿਸ਼ੇ ਬੱਚੇ ਦੀ ਸਿੱਖਿਆ ਲਈ ਜ਼ਿਆਦਾ ਕੀਮਤੀ ਹਨ। ਕਲਾ ਦੀਆਂ ਕਲਾਸਾਂ ਬੱਚਿਆਂ ਨੂੰ ਜ਼ਿੰਦਗੀ ਦੇ ਜ਼ਰੂਰੀ ਸਬਕ ਸਿਖਾਉਂਦੀਆਂ ਹਨ ਜੋ ਕਿ ਉਹ ਹੋਰ ਕਲਾਸਾਂ ਵਿੱਚ ਨਹੀਂ ਸਿੱਖਦੇ। ਕਲਾ ਅਧਿਆਪਕ ਵਿਦਿਆਰਥੀਆਂ ਦੀ ਰਚਨਾਤਮਿਕਤਾ ਤੇ ਕਲਪਨਾ ਨੂੰ ਉਤਸ਼ਾਹ ਦਿੰਦਾ ਹੈ ਤੇ ਨਾਲ ਹੀ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਵਿੱਚ ਸਹਾਇਕ ਹੁੰਦਾ ਹੈ। ਕਲਾ ਨੂੰ ਥੈਰੇਪੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ, ਨਾ ਕਿ ਤਣਾਅ ਤੇ ਮੁਸ਼ਕਲ ਦੇ ਕਾਰਨ ਦੇ ਤੌਰ 'ਤੇ। ਜੇ ਵਿਦਿਆਰਥੀ ਘੱਟ ਤਣਾਅ ਵਿੱਚ ਹੋਵੇਗਾ ਤਾਂ ਉਹ ਚੰਗੇ ਨੰਬਰ ਲਵੇਗਾ। ਆਖਿਰਕਾਰ, ਕਲਾ ਸਿੱਖਿਆ ਨੂੰ ਆਪਣੀ ਰਵਾਇਤੀ ਤੇ ਜ਼ਰੂਰੀ ਭੂਮਿਕਾ, 'ਕਲਾ ਖ਼ਾਤਰ ਕਲਾ' 'ਤੇ ਜ਼ੋਰ ਦੇਣਾ ਚਾਹੀਦਾ ਹੈ ਜਿਵੇਂ ਕਿ ਕਲਾ ਦੇ ਕੰਮਾਂ ਵਿੱਚ ਹੁਨਰ ਪ੍ਰਾਪਤ ਕਰਨਾ ਜੋ ਕਿ ਮਨੁੱਖ ਨੂੰ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਤੇ ਦੁਨੀਆਂ ਦੀਆਂ ਪ੍ਰਸਿੱਧ ਕਲਾ ਕ੍ਰਿਤਾਂ ਦੀ ਸੁੰਦਰਤਾ ਦੀ ਸ਼ਲਾਘਾ ਕਰਨ ਵਿੱਚ ਸਹਾਇਕ ਹੋਵੇਗਾ। ਇਸ ਨਾਲ ਹੀ ਇਹਨਾਂ ਤਜ਼ਰਬਿਆਂ ਰਾਹੀਂ ਬੱਚਿਆਂ ਨੂੰ ਸੁਹਜ ਦੇ ਗੁਣ ਬਾਰੇ ਪਤਾ ਲਗੇਗਾ। ਇਹ ਸੁਹਜ ਪ੍ਰਤੀ ਸੰਵੇਦਨਸ਼ੀਲਤਾ ਨਾਲ ਬੱਚੇ ਨਾ ਸਿਰਫ ਦੁਨੀਆਂ ਦੀਆਂ ਮਹਾਨ ਕਲਾ ਕ੍ਰਿਤਾਂ ਦੀ ਸ਼ਲਾਘਾ ਕਰ ਸਕਣਗੇ ਬਲਕਿ ਆਪਣੀ ਜ਼ਿੰਦਗੀ ਦੀ ਸੁੰਦਰਤਾ ਨੂੰ ਵੀ ਸਲਾਹੁਣਗੇ।

### 2.2.7 ਮੁੱਖ ਬਿੰਦੂ

ਸਿੱਖਿਆਂ ਵਿੱਚ ਕਲਾਂ: ਵਿਦਿਅਕ ਪਾਠਕ੍ਰਮ ਵਿਚ ਕਲਾ ਦਾ ਮਹੱਤਵਪੂਰਨ ਸਥਾਨ ਹੈ। ਸਿੱਖਿਆ ਸਾਸਤਰੀਆਂ ਨੇ ਬੱਚੇ ਦੇ ਮਾਨਸਿਕ, ਮਨੋਵਿਗਿਆਨਕ ਅਤੇ ਸਰੀਰਕ ਵਿਕਾਸ ਵਿਚ ਕਲਾ ਦੀ ਮਹੱਤਤਾ ਨੂੰ ਪੂਰੀ ਤਰਾਂ ਸਮਝ ਲਿਆ ਹੈ।

### 2.2.8 ਸੁਝਾਏ ਗਏ ਪ੍ਰਸ਼ਨ

1) ਸਿੱਖਿਆ ਵਿਚ ਕਲਾ ਕੀ ਹੈ?
2) ਸਿੱਖਿਆ ਵਿੱਚ ਕਲਾ ਦੇ ਉਦੇਸ਼ ਅਤੇ ਟੀਚੇ ਕੀ ਹਨ?
3) ਬਾਲ ਵਿਕਾਸ ਵਿਚ ਕਲਾ ਦੀ ਮਹੱਤਤਾ ਬਾਰੇ ਦੱਸੋ।

### 2.2.9 ਸਵੈ-ਮੂਲਾਂਕਣ

1) ਕਲਾ ਦਾ ਉਦੇਸ ਨਿਰੰਤਰ.............ਅਤੇ ਸਵੈ ਬੋਧ ਲਈ ਗਤੀਵਿਧੀਆਂ ਪ੍ਰਦਾਨ ਕਰਨਾ ਹੈ।
2) ................ ਹਜਾਰ ਸਾਲ ਵਿਚ ਚਣੌਤੀਆਂ ਦਾ ਸਹਾਮਣਾ ਦਰਸਾਓ।

3) ਕਲਾ............... ਅਤੇ ਰਚਨਾਤਮਕਤਾ ਨੂੰ ਉਤੇਜਿਤ ਕਰਦੀ ਹੈ।
4) ਕਲਾ ਦੀ ਸਿੱਖਿਆ ਬੱਚੇ ਦੇ ਨਿੱਜੀ ਵਿਕਾਸ ਲਈ ............ ਹੈ।

1. ਸਵੈ ਪ੍ਰਗਟਾਵੇ 2. ਮਿਆਰੀ ਸਿੱਖਿਆ 3. ਰਚਨਾਤਮਕਤਾ 4. ਮਹੱਤਵਪੂਰਨ ਹਿੱਸਾ

**2.2.10 ਸੁਝਾਈਆਂ ਪੁਸਤਕਾਂ**

1. ਭਾਰਤੀ, ਚੇਤਨਾ; ਟੀਚਿੰਗ ਆਫ ਫਾਇਨ ਆਰਟਸ, ਕਲਿਆਣੀ ਪਬਲੀਸ਼ਰਜ਼, ਲੁਧਿਆਣਾ, 2010.
2. ਸ਼ਰਮਾ, ਐਲ. ਸੀ.; ਏ ਬਰੀਫ ਹਿਸਟਰੀ ਆਫ਼ ਇੰਡੀਅਨ ਪੇਂਟਿੰਗ, ਗੋਇਲ ਪਬਲੀਸ਼ਿੰਗ ਹਾਊਸ, ਮੇਰਠ, 1997.
3. www.arteducators.org/
4. www.ncert.nic.in/

**ਪਾਠ ਨੰ: 2.3** **ਸੋਨੂ ਪੰਨੂੰ**

## ਪ੍ਰਦਰਸ਼ਨੀਆਂ ਦੀ ਮਹੱਤਤਾਂ ਅਤੇ ਸਭਿਆਚਾਰਕ ਮੇਲੇ

**ਪਾਠ ਦੀ ਬਣਤਰ**

2.3.1 ਪਾਠ ਦੇ ਉਦੇਸ਼
2.3.2 ਪਾਠ ਦੀ ਜਾਣ-ਪਛਾਣ
2.3.3 ਪ੍ਰਦਰਸ਼ਨੀਆਂ ਦੀਆਂ ਕਿਸਮਾਂ
2.3.4 ਪ੍ਰਦਰਸ਼ਨੀਆਂ ਦੀ ਮਹੱਤਤਾ
2.3.5 ਸਭਿਆਚਾਰਕ ਮੇਲੇ
2.3.6 ਸਭਿਆਚਾਰਕ ਮੇਲਿਆਂ ਦੀ ਕਲਾਤਮਕ ਮਹੱਤਤਾ
2.3.7 ਸਾਰ
2.3.8 ਮੁੱਖ ਬਿੰਦੂ
2.3.9 ਸੁਝਾਏ ਗਏ ਪ੍ਰਸ਼ਨ
2.3.10 ਸਵੈ ਮੁਲਾਂਕਣ
2.3.11 ਸੁਝਾਈਆਂ ਪੁਸਤਕਾਂ

### 2.3.1 ਪਾਠ ਦੇ ਉਦੇਸ਼

1. ਪ੍ਰਦਰਸ਼ਨੀਆਂ ਦੀਆਂ ਕਿਸਮਾਂ ਅਤੇ ਮਹੱਤਤਾ ਬਾਰੇ ਜਾਣਨਾ।
2. ਵਿਦਿਆਰਥੀਆਂ ਨੂੰ ਵੱਖ-ਵੱਖ ਸਭਿਆਚਾਰਕ ਮੇਲਿਆਂ ਤੋਂ ਜਾਣੂ ਕਰਵਾਉਣਾ।
3. ਸਭਿਆਚਾਰਕ ਮੇਲਿਆਂ ਦੀ ਕਲਾਤਮਕ ਮਹੱਤਤਾ ਨੂੰ ਸਮਝਣਾ।

### 2.3.2 ਪਾਠ ਦੀ ਜਾਣ-ਪਛਾਣ

ਪ੍ਰਦਰਸ਼ਨੀ (Exhibition), ਆਮ ਅਰਥਾਂ ਵਿੱਚ ਇਕ ਸੰਗਠਿਤ ਪੇਸ਼ਕਾਰੀ ਅਤੇ ਵਸਤੂਆਂ ਦੀ ਨੁਮਾਇਸ਼ ਕਰਨਾ ਹੈ। ਪ੍ਰਦਰਸ਼ਨੀਆਂ ਆਮ ਤੌਰ ਤੇ ਇਕ ਸਭਿਆਚਾਰਕ ਜਾਂ ਵਿਦਿਅਕ ਸਥਾਪਤੀ ਜਿਵੇਂ ਕਿ ਅਜਾਇਬ ਘਰ, ਆਰਟ ਗੈਲਰੀ, ਪਾਰਕ, ਲਾਇਬ੍ਰੇਰੀ, ਪ੍ਰਦਰਸ਼ਨੀ ਹਾਲ, ਜਾਂ ਵਿਸ਼ਵ ਮੇਲੇ ਵਿਚ ਵਾਪਰਦੀਆਂ ਹਨ। ਪ੍ਰਦਰਸ਼ਨੀਆਂ ਵਿਚ ਕਈ ਚੀਜਾਂ ਸ਼ਾਮਲ ਹੋ ਸਕਦੀਆਂ ਹਨ ਜਿਵੇਂ ਕਿ ਅਜਾਇਬ ਘਰ ਅਤੇ ਗੈਲਰੀਆਂ ਵਿਚ ਕਲਾ ਦੀ ਨੁਮਾਇਸ਼। ਇਤਿਹਾਸ ਦੇ ਅਜਾਇਬ ਘਰ, ਵਪਾਰਿਕ ਤੌਰ ਤੇ ਕੇਂਦਰਿਤ ਪ੍ਰਦਰਸ਼ਨ ਤੇ ਵਪਾਰਿਕ ਮੇਲੇ, ਵਿਦਿਅਕ ਪ੍ਰਦਰਸ਼ਨੀਆਂ (Educational Exhibition) ਵਿਦਿਅਕ ਅਦਾਰਿਆਂ ਵਿਚ ਸਿੱਖਣ ਲਈ ਲਗਾਈਆਂ ਜਾਂਦੀਆਂ ਹਨ। ਇਹ ਆਮ ਤੌਰ ਤੇ ਵਿਦਿਆਰਥੀਆਂ ਦੁਆਰਾ ਆਯੋਜਿਤ ਕੀਤੀਆਂ ਜਾਂਦੀਆਂ ਹਨ। ਉਪਭੋਗਤਾ ਦੀਆਂ ਪ੍ਰਦਰਸ਼ੀਆਂ (Consumer exhibitions) ਵਿਚ ਆਮ ਲੋਕਾਂ ਨੂੰ ਦਿਖਾਉਣ ਲਈ ਬਹੁਤ ਸਾਰੇ ਉਦਯੋਗ ਸ਼ਾਮਲ ਹੁੰਦੇ ਹਨ। ਵਪਾਰਕ ਪ੍ਰਦਰਸ਼ਨੀਆਂ (Trade Exhibitions) ਇਕ ਖਾਸ ਕਿਸਮ ਦੇ ਕਾਰੋਬਾਰ ਜਾਂ ਉਤਪਾਦ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲਗਾਈਆਂ ਜਾਂਦੀਆਂ ਹਨ।

ਸਿਖਿਆ (Education) ਵਿਚ ਪ੍ਰਦਰਸ਼ਨੀ ਕਿਸੇ ਪ੍ਰੋਜੈਕਟ, ਪੇਸ਼ਕਾਰੀ (presentation) ਜਾਂ ਉਤਪਾਦ ਨੂੰ ਦਰਸਾਉਂਦੀ ਹੈ ਜਿਸ ਦੁਆਰਾ ਵਿਦਿਆਰਥੀ ਆਪਣੀ ਪ੍ਰਾਪਤ ਕੀਤੀ ਸਿੱਖਿਆ ਨੂੰ ਪ੍ਰਕਾਸਿਤ ਕਰਦੇ ਹਨ। ਇਹ

ਉਹਨਾਂ ਦੀਆਂ ਪ੍ਰਾਪਤੀਆਂ ਦਿਖਾਉਣ ਦਾ ਇਕ ਤਰੀਕਾ ਹੈ। ਪ੍ਰਦਰਸ਼ਨੀ ਆਪਣੇ ਆਪ ਦੇ ਵਿਚ ਇਕ ਸਿੱਖਣ ਦਾ ਤਜਰਬਾ ਹੈ ਅਤੇ ਅਕਾਦਮਿਕ (academic) ਪ੍ਰਗਤੀ ਤੇ ਪ੍ਰਾਪਤੀ ਦੇ ਮੁਲਾਂਕਣ ਦਾ ਇਕ ਸਾਧਨ ਹੈ, ਇਹ ਅਧਿਆਪਕਾਂ ਦੇ ਨਾਲ ਨਾਲ ਵਿਦਿਆਰਥੀਆਂ ਅਤੇ ਉਹਨਾਂ ਦੇ ਸੰਯੁਕਤ ਸਿੱਖਣ (combined learning) ਦੀ ਪ੍ਰਕਿਰਿਆ ਦਾ ਇਕ ਟੈਸਟ ਹੈ, ਆਮ ਤੌਰ ਤੇ ਵਿਦਿਆਰਥੀਆਂ ਲਈ ਪ੍ਰਦਰਸ਼ਨੀਆਂ ਵਿਦਿਅਕ ਸੰਸਥਾਵਾਂ ਵਿਚ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਸ ਮੰਤਵ ਲਈ ਅਜਾਇਬ ਘਰ, ਗੈਲਰੀਆਂ, ਲਾਇਬ੍ਰੇਰੀਆਂ, ਪ੍ਰਦਰਸ਼ਨੀ ਹਾਲ ਵੀ ਵਰਤੇ ਜਾ ਸਕਦੇ ਹਨ। ਅੱਜ ਕੱਲ੍ਹ ਆਨਲਾਈਨ (online) ਪ੍ਰਦਰਸ਼ਨੀ ਦਾ ਵੀ ਰੁਝਾਨ ਹੈ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪ੍ਰਤਿਭਾ ਤੇ ਸਿੱਖਿਆ ਦਾ ਪ੍ਰਦਰਸ਼ਨ ਕਰਨ ਲਈ ਇਕ ਔਨਲਾਈਨ ਪਲੇਟਫਾਰਮ ਪ੍ਰਦਾਨ ਕਰਦੀ ਹੈ।

### 2.3.3 ਪ੍ਰਦਰਸ਼ਨੀਆਂ ਦੀਆਂ ਕਿਸਮਾਂ:–

**ਪ੍ਰਦਰਸ਼ਨੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ:**

1. **ਮੌਖਿਕ ਪ੍ਰਦਰਸ਼ਨੀ (Oral Exhibition) -** ਇਸ ਵਿਚ ਵਿਦਿਆਰਥੀ ਆਪਣੇ ਮਾਡਲ ਪੇਸ਼ ਕਰਦੇ ਹਨ ਅਤੇ ਦਰਸ਼ਕਾਂ ਨੂੰ ਜ਼ਬਾਨੀ ਬੋਲ ਕੇ ਵਿਆਖਿਆ ਕਰਦੇ ਹਨ।
2. **ਮਲਟੀਮੀਡੀਆ ਪ੍ਰਦਰਸ਼ਨੀ (Multimedia Exhibition)-** ਪ੍ਰਦਰਸ਼ਨੀ ਜਿਸ ਵਿਚ ਮਾਡਲ ਨੂੰ ਮਲਟੀਮੀਡੀਆ ਤਕਨੀਕ ਜਿਵੇਂ ਕਿ ਪਾਵਰਪੁਆਇੰਟ ਪਰੈਜ਼ਨਟੇਸ਼ਨ ਦੀ ਵਰਤੋਂ ਨਾਲ ਸਮਝਾਇਅ ਜਾਂਦਾ ਹੈ, ਉਸ ਨੂੰ ਮਲਟੀਮੀਡੀਆ ਪ੍ਰਦਰਸ਼ਨੀ ਕਹਿੰਦੇ ਹਨ।

### 2.3.4 ਪ੍ਰਦਰਸ਼ਨੀਆਂ ਦਾ ਮਹੱਤਵ

ਸਿੱਖਿਆ ਦਾ ਮਤਲਬ ਸਿਰਫ਼ ਪੜ੍ਹਨਾ ਅਤੇ ਲਿਖਣਾ ਹੀ ਨਹੀਂ ਹੈ, ਇਹ ਵਿਕਾਸ ਦੀ ਪੂਰੀ ਪ੍ਰਕਿਰਿਆ ਦਾ ਵਰਣਨ ਕਰਨ ਲਈ ਇਕ ਪਰਿਭਾਸ਼ਾ ਹੈ। ਸਿੱਖਿਆ ਦਾ ਉਦੇਸ਼ ਬੱਚਿਆਂ ਦਾ ਸੰਪੂਰਨ ਵਿਕਾਸ ਕਰਨਾ ਹੈ। ਇਸ ਸਰਵਪੱਖੀ ਵਿਕਾਸ ਦਾ ਟੀਚਾ ਕੇਵਲ ਸਿੱਖਿਆ ਦੀ ਵਿਵਹਾਰਿਕ ਪਹੁੰਚ (Pragmatic approach) ਨਾਲ ਹੀ ਹਾਸਲ ਕੀਤਾ ਜਾ ਸਕਦਾ ਹੈ। ਵਿਵਹਾਰਿਕ ਪਹੁੰਚ ਕਿਸੇ ਕੰਮ ਨੂੰ ਕਰਨ ਤੇ ਅਨੁਭਵ ਕਰਕੇ ਸਿੱਖਿਆ ਪ੍ਰਦਾਨ ਕਰਦਾ ਹੈ। ਪ੍ਰਦਰਸ਼ਨੀਆਂ, ਸੈਮੀਨਾਰ, ਪ੍ਰੋਜੈਕਟ, ਪੇਸ਼ਕਾਰੀਆਂ ਆਦਿ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਪੂਰਨ ਵਿਕਾਸ ਦਾ ਮਾਧਿਅਮ ਹਨ। ਸਕੂਲ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਤੇ ਸਿੱਖਿਆ ਨੂੰ ਮਜ਼ੇਦਾਰ ਬਣਾਉਣ ਲਈ ਅਜਿਹੀਆਂ ਪ੍ਰਦਾਰਸ਼ਨੀਆਂ ਤੇ ਸੈਮੀਨਾਰਾਂ ਦਾ ਆਯੋਜਨ ਕਰਦੇ ਹਨ। ਇਸ ਨਾਲ ਅਧਿਆਪਕ ਲਈ ਵਿਦਿਆਰਥੀਆਂ ਨੂੰ ਵਧੀਆ ਢੰਗ ਨਾਲ ਨਵੀਆਂ ਚੀਜਾਂ ਸਿਖਾਉਣਾ ਆਸਾਨ ਹੋ ਜਾਂਦਾ ਹੈ।

**ਦਿਲਚਸਪੀ ਬਨਾਉਣ (Creating Interest)**

ਅੱਜ ਦੇ ਤੇਜ਼ ਰਫਤਾਰ ਤੇ ਤਕਨੀਕੀ ਸੰਸਾਰ ਵਿਚ ਵਿਦਿਆਰਥੀਆਂ ਨੂੰ ਬੋਰਿੰਗ ਲੈਕਚਰ ਸੁਨਣ ਤੇ ਰੱਟੇ ਮਾਰਨ ਵਿਚ ਦਿਲਚਪਸੀ ਨਹੀਂ ਹੈ। ਵਿਦਿਆਰਥੀਆਂ ਦੇ ਦਿਮਾਗ ਤੇਜ਼ੀ ਨਾਲ ਕੰਮ ਕਰਦੇ ਹਨ। ਕਿਸੇ ਵੀ ਗਿਆਨ ਨੂੰ ਪ੍ਰਾਪਤ ਕਰਨ ਲਈ ਉਤਸੁਕਤਾ ਦਾ ਪੱਧਰ ਅਤੇ ਉਤਸ਼ਾਹ ਸ਼ਲਾਘਾਯੋਗ ਹਨ। ਇਸ ਉਤਸ਼ਾਹ ਨੂੰ ਬਣਾਈ ਰੱਖਣ ਅਤੇ ਵਿਦਿਆਰਥੀਆਂ ਦੀ ਉਕਸੁਕਤਾ ਨੂੰ ਸਕਾਰਾਤਮਕ ਦਿਸ਼ਾ ਦੇਣਾ ਅਧਿਆਪਕ ਦੀ ਜ਼ਿੰਮੇਵਾਰੀ ਹੈ, ਪ੍ਰਦਰਸ਼ਨੀ ਇਕ ਵਧੀਆ ਸਾਧਨ ਹੈ ਜੋ ਵਿਦਿਆਰਥੀਆਂ ਨੂੰ ਦਿਲਚਪਸੀ ਦੀ ਭਾਵਨਾ ਨਾਲ ਨਵੇਂ ਤੱਥਾਂ ਤੇ ਖੋਜਾਂ ਨੂੰ ਸਿੱਖਣ ਵਿਚ ਸ਼ਾਮਲ ਕਰਦੀ ਹੈ।

**ਸਮਾਜਿਕ ਹੁਨਰ (Social Skills)**

ਪ੍ਰਦਰਸ਼ਨੀ ਵਿਦਿਆਰਥੀਆਂ ਲਈ ਸਮੂਹ ਵਿੱਚ ਮਿਲ ਕੇ ਕੰਮ ਕਰਨ ਦਾ ਇਕ ਮੰਚ ਹੈ। ਵਿਦਿਆਰਥੀਆਂ ਨੂੰ ਸਮਾਜਿਕ ਅਤੇ ਨੈਤਿਕ ਹੁਨਰ ਵਿਕਸਿਤ ਕਰਨ ਦਾ ਮੌਕਾ ਦਿੰਦੀ ਹੈ। ਵਿਗਿਆਨਕ ਗਿਆਨ ਤੋਂ ਇਲਾਵਾ ਵਿਦਿਆਰਥੀ ਇਕ ਦੂਜੇ ਦੇ ਵਿਚਾਰਾਂ ਦਾ ਆਦਰ ਕਰਨਾ ਸਿੱਖਦੇ ਹਨ।

ਵਿਦਿਆਰਥੀ ਜਨਤਕ ਭਾਸ਼ਣ ਦੇਣਾ ਸਿੱਖਦੇ ਹਨ ਤੇ ਇਹ ਉਹਨਾਂ ਦੇ ਜਨਤਕ ਤੌਰ ਤੇ ਬੋਲਣ ਦੇ ਡਰ ਨੂੰ ਦੂਰ ਕਰਨ ਵਿਚ ਸਹਾਇਕ ਹੁੰਦੀ ਹੈ। ਇਸ ਕਿਸਮ ਦੀਆਂ ਪ੍ਰਦਰਸ਼ਨੀਆਂ ਵਿਦਿਆਰਥੀਆਂ ਦੇ ਵਿਸ਼ਵਾਸ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਉਨ੍ਹਾਂ ਦੀ ਦਿਲਚਪਸੀ ਅਤੇ ਉਕਸਕਤਾ ਨੂੰ ਵਧਾਉਂਦੀਆਂ ਹਨ।

**ਰਚਨਾਤਮਕਤਾ (Creativity)**

ਸਿੱਖਿਆ ਹਮੇਸ਼ਾ ਇਕ ਨਵੀਂ ਹਕੀਕਤ, ਇਕ ਨਵੀਂ ਖੋਜ, ਇਕ ਅਨਜਾਣ ਸੱਚਾਈ ਨੂੰ ਦਰਸਾਉਂਦੀ ਹੈ। ਪ੍ਰਦਰਸ਼ਨੀਆਂ ਵਿਦਿਆਰਥੀਆਂ ਦੀ ਰਚਨਾਤਮਕ ਪ੍ਰਤਿਭਾ ਨੂੰ ਖੋਜਦੀਆਂ ਹਨ ਅਤੇ ਉਨ੍ਹਾਂ ਨੂੰ ਕੁਝ ਨਵਾਂ ਅਤੇ ਅਲਗ ਸੋਚਣ ਲਈ ਮਜ਼ਬੂਰ ਕਰਦੀਆਂ ਹਨ। ਪ੍ਰਦਰਸ਼ਨੀਆਂ ਵਿਦਿਆਰਥੀਆਂ ਵਿਚ ਇਕ ਵਿਗਿਆਨਕ ਪ੍ਰਭਾਵ ਅਤੇ ਉਕਸੁਕਤਾ ਵਿਕਸਿਤ ਕਰਦੀਆਂ ਹਨ ਜੋ ਬਦਲੇ ਵਿੱਚ ਉਨ੍ਹਾਂ ਨੂੰ ਚਣੌਤੀਆਂ ਦਾ ਹੱਲ ਲੱਭਣ ਲਈ ਮਜ਼ਬੂਰ ਕਰਦੀਆਂ ਹਨ। ਵਿਦਿਆਰਥੀ ਪ੍ਰਦਰਸ਼ਨੀ ਦੇ ਮਾਧਿਅਮ ਰਾਹੀਂ ਸਿੱਖਣ ਵਿੱਚ ਅਨੰਦ ਲੈਂਦੇ ਹਨ ਅਤੇ ਆਪਣੇਪਨ ਦੀ ਭਾਵਨਾ ਮਹਿਸੂਸ ਕਰਦੇ ਹਨ ਜਦੋਂ ਉਹ ਆਪਣੇ ਹੱਥਾਂ ਨਾਲ ਮਾਡਲ ਬਨਾਉਦੇਂ ਹਨ।

**ਵਿਗਿਆਨਕ ਰਵੱਈਆ (Scientific Attitude)**

ਜੀਵਨ ਦੀਆਂ ਸਮੱਸਿਆਵਾਂ ਤੇ ਚੁਣੌਤੀਆਂ ਲੋਕਾਂ ਵਿੱਚ ਘਬਰਾਹਟ ਤੇ ਡਰ ਪੈਦਾ ਕਰਦੀਆਂ ਹਨ ਪਰ ਸਿੱਖਿਆਂ ਵਿਚ ਹਰ ਸਮੱਸਿਆਂ ਤੇ ਚੁਣੌਤੀ ਦਾ ਹੱਲ ਹੈ, ਪ੍ਰਦਰਸ਼ਨੀਆਂ ਵਿੱਚ ਹਿੱਸਾ ਲੈ ਕੇ ਵਿਦਿਆਰਥੀ ਆਪਣੇ ਜੀਵਨ ਦੀਆਂ ਸਮੱਸਿਆਵਾਂ ਤੇ ਚੁਣੌਤੀਆਂ ਪ੍ਰਤੀ ਇਕ ਵਿਗਿਆਨਕ ਰਵੱਈਆ ਵਿਕਸਿਤ ਕਰਦਾ ਹੈ। ਵਿਦਿਆਰਥੀ ਵਿੱਚ ਇਕ ਜਿਗਿਆਸਾ ਦੀ ਭਾਵਨਾ ਵਿਕਸਿਤ ਹੁੰਦੀ ਹੈ ਅਤੇ ਉਹ ਪ੍ਰਸ਼ਨ ਪੁੱਛਣਾ ਸਿੱਖਦਾ ਹੈ। ਵਿਦਿਆਰਥੀ ਨੂੰ ਡਰ ਮਹਿਸੂਸ ਨਹੀਂ ਹੁੰਦਾ ਅਤੇ ਉਹ ਜਿੰਦਗੀ ਦੀ ਕਿਸੇ ਚੁਣੌਤੀ ਤੋਂ ਨਹੀਂ ਘਬਰਾਉਂਦਾ।

**ਐਪਲੀਕੇਸ਼ਨ (Application):**

ਸਕੂਲ ਵਿੱਚ ਆਯੋਜਿਤ ਕੀਤੀਆਂ ਗਈਆਂ ਪ੍ਰਦਰਸ਼ਨੀਆਂ ਰਾਹੀਂ ਕਲਾਸਰੂਮ ਦੀ ਸਿੱਖਿਆ ਵਧੀਆ ਢੰਗ ਨਾਲ ਲਾਗੂ ਕੀਤੀ ਜਾ ਸਕਦੀ ਹੈ। ਵਿਦਿਆਰਥੀ ਆਪਣੇ ਕਲਾਸਰੂਮ ਤੇ ਕਿਤਾਬੀ ਗਿਆਨ ਦਾ ਪ੍ਰਦਰਸ਼ਨੀਆਂ ਵਿੱਚ ਇਸਤੇਮਾਲ ਕਰਦੇ ਹਨ ਅਤੇ ਕਰ ਕੇ ਸਿੱਖਣ ਦੇ ਆਨੰਦ ਦਾ ਵਿਕਾਸ ਕਰਦੇ ਹਨ। ਵਿਦਿਆਰਥੀਆਂ ਨੂੰ ਪ੍ਰਦਰਸ਼ਨੀਆਂ ਦੌਰਾਨ ਵਿਹਾਰਕ ਸਿੱਖਿਆ (practical learning) ਅਤੇ ਹੋਰ ਚੀਜ਼ਾਂ ਆਪ ਅਨੁਭਵ ਕਰਨ ਦਾ ਮੌਕਾ ਮਿਲਾ ਹੈ। ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦੂਜਿਆਂ ਦੇ ਸਾਹਮਣੇ ਪੇਸ਼ ਕਰਨ ਦਾ ਮੌਕਾ ਮਿਲਦਾ ਹੈ ਅਤੇ ਉਹ ਆਪਣੀਆਂ ਪ੍ਰਾਪਤੀਆਂ ਤੇ ਮਾਣ ਮਹਿਸੂਸ ਕਰਦੇ ਹਨ।

**ਬੋਲਣ ਦੀ ਸਮਰੱਥਾ (Speaking Ability):**

ਸਕੂਲ ਵਿਚ ਕੁਝ ਬੁਧੀਮਾਨ ਵਿਦਿਆਰਥੀ ਹੁੰਦੇ ਹਨ ਜੋ ਜਨਤਕ ਬੋਲਣ (Public speaking) ਤੋਂ ਝਿਜਕਦੇ ਹਨ, ਆਤਮ-ਵਿਸ਼ਵਾਸ ਦੀ ਘਾਟ ਤੇ ਬੋਲਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ। ਪ੍ਰਦਰਸ਼ਨੀਆਂ ਅਜਿਹੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦੀ ਪੇਸ਼ਕਾਰੀ ਦੇਣ ਲਈ ਇਕ ਵਧੀਆਂ ਪਲੇਟਫਾਰਮ ਸਾਬਤ ਹੁੰਦੀਆਂ ਹਨ। ਵਿਦਿਆਰਥੀ ਹਰ ਇਕ ਦੇ ਸਾਹਮਣੇ ਆਪਣੇ ਪ੍ਰੋਜੈਕਟ ਬਾਰੇ ਗਲ ਕਰਦੇ ਹਨ ਅਤੇ ਜਨਤਕ ਬੋਲਣ ਦੇ ਹੁਨਰ ਦਾ ਵਿਕਾਸ ਕਰਦੇ ਹਨ। ਇਹ ਵਿਦਿਆਰਥੀਆਂ ਦੇ ਵਿਸ਼ਵਾਸ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਹੋਰ ਚਮਕਾਉਂਦਾ ਹੈ।

**ਮਾਸ ਮੀਡੀਅਮ (Mass Media):**

ਪ੍ਰਦਰਸ਼ਨੀਆਂ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਨੂੰ ਜਨਤਕ ਤੌਰ ਤੇ ਪੇਸ਼ ਕਰਨ ਲਈ ਇਕ ਵਿਸ਼ਾਲ ਪਲੇਟਫਾਰਮ ਪ੍ਰਦਾਨ ਕਰਦੀਆਂ ਹਨ। ਇਹ ਇਕ ਜਨਤਕ ਮਾਧਿਅਮ ਹੈ ਜਿਸ ਦੁਆਰਾ ਵਿਦਿਆਰਥੀ ਆਪਣੀ ਸਿੱਖਿਆ ਤੇ ਪ੍ਰਤਿਭਾਵਾਂ ਦੀ ਨੁਮਾਇੰਦਗੀ ਕਰ ਸਕਦੇ ਹਨ।

**ਐਕਸਪੋਜ਼ਰ (Exposure):**

ਪ੍ਰਦਰਸ਼ਨੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਂਦੀ ਹੈ, ਸਮਾਜ ਦੀਆਂ ਲੋੜਾਂ, ਨਵੀਆਂ ਖੋਜਾਂ ਅਤੇ ਸਮੂਹ ਵਿੱਚ ਕੰਮ ਕਰਨ ਬਾਰੇ, ਖੋਜ ਅਤੇ ਤਕਨੀਕੀ ਵਿਚਾਰਧਾਰਾਂ (Research and Technical mindset) ਮਾਡਲ ਪ੍ਰਦਰਸ਼ਿਤ ਕਰਨ ਦੀ ਪ੍ਰਕਿਰਿਆ ਵਿਚ, ਵਿਦਿਆਰਥੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਸਾਰੀ ਖੋਜ ਕਰਦੇ ਹਨ। ਇਸ ਤਰ੍ਹਾਂ ਦਿਮਾਗ ਕਿਸੇ ਵੀ ਸਮੱਸਿਆ ਪ੍ਰਤੀ ਤਕਨੀਕੀ ਪਹੁੰਚ ਵਿਕਸਿਤ ਕਰਦਾ ਹੈ ਅਤੇ ਮਾਡਲ ਦੇ ਲੁਕੇ ਤੱਥ ਅਤੇ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਨਾ ਸ਼ੁਰੂ ਕਰਦਾ ਹੈ।

**ਜਾਗਰੂਕਤਾ (Awareness):**

ਇਕ ਪ੍ਰਦਰਸ਼ਨੀ ਵਿਚ ਸ਼ਾਮਲ ਹੋਣਾ ਸਮਾਜ ਦੀਆਂ ਨਵੀ ਨਵੀਨਤਰ ਖੋਜਾਂ ਅਤੇ ਚੁਣੌਤੀਆਂ ਬਾਰੇ ਜਾਗਰੂਕਤਾ ਦੀ ਮੰਗ ਕਰਦਾ ਹੈ। ਇਕ ਵਿਦਿਆਰਥੀ ਜੋ ਆਪਣੇ ਆਲੇ-ਦੁਆਲੇ ਵਾਪਰ ਰਹੇ ਬਾਰੇ ਜਾਣਕਾਰੀ ਨਹੀਂ ਰੱਖਦਾ, ਉਹ ਪ੍ਰਦਰਸ਼ਨੀ ਦੌਰਾਨ ਲੋੜੀਂਦੇ ਨਤੀਜੇ ਨਹੀਂ ਦੇ ਸਕਦਾ।

### 2.3.5 ਭਾਰਤੀ ਤਿਉਹਾਰ

ਭਾਰਤ ਪੂਰੀ ਦੁਨੀਆਂ ਵਿੱਚ ਸਭਿਆਚਾਰਕ ਅਤੇ ਪਰੰਪਰਾਗਤ ਤਿਉਹਾਰਾਂ ਦੇ ਦੇਸ਼ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਥੇ ਬਹੁਤ ਸਾਰੇ ਸਭਿਆਚਾਰ ਅਤੇ ਧਰਮ ਹਨ। ਭਾਰਤ ਵਿਚ ਹਰ ਮਹੀਨੇ ਤਿਉਹਾਰਾਂ ਦਾ ਜਸ਼ਨ ਮਨਾਇਆ ਜਾ ਸਕਦਾ ਹੈ। ਇਥੇ ਹਮੇਸ਼ਾ ਮੇਲੇ ਅਤੇ ਤਿਉਹਾਰਾਂ ਦੇ ਜਸ਼ਨ ਵਿੱਚ ਸ਼ਾਮਲ ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ। ਇਥੇ ਹਰ ਧਰਮ ਦੇ ਲੋਕਾਂ ਦੇ ਆਪਣੇ ਹੀ ਸੱਭਿਆਚਾਰਕ ਅਤੇ ਪਰੰਪਰਾਗਤ ਤਿਉਹਾਰ ਹਨ। ਕੁਝ ਤਿਉਹਾਰ ਦੇਸ਼ ਦੇ ਸਾਰੇ ਧਰਮਾਂ ਦੇ ਲੋਕਾਂ ਦੁਆਰਾ ਮਨਾਏ ਜਾਂਦੇ ਹਨ। ਹਰੇਕ ਤਿਉਹਾਰ ਦਾ ਆਪਣਾ ਹੀ ਇਤਿਹਾਸ ਅਤੇ ਜਸ਼ਨ ਦਾ ਮਹੱਤਵ ਹੈ। ਵਿਦੇਸ਼ਾਂ ਵਿਚਲੇ ਭਾਰਤੀ ਮੂਲ ਦੇ ਲੋਕ ਵੀ ਆਪਣੇ ਸੱਭਿਆਚਾਰਕ ਤਿਉਹਾਰ ਬੇਅੰਤ ਉਤਸ਼ਾਹ ਨਾਲ ਮਨਾਉਂਦੇ ਹਨ। ਕੁਝ ਤਿਉਹਾਰ ਕੌਮੀ ਪੱਧਰ 'ਤੇ ਮਨਾਏ ਜਾਂਦੇ ਹਨ ਜਦਕਿ ਕੁਝ ਖੇਤਰੀ ਪੱਧਰ 'ਤੇ।

1. ਮਹਾਸ਼ਿਵਰਾਤਰੀ

   ਮਹਾਸ਼ਿਵਰਾਤਰੀ ਦਾ ਤਿਉਹਾਰ ਹਰ ਸਾਲ ਹਿੰਦੂਆਂ ਦੁਆਰਾ ਮਨਾਇਆ ਜਾਂਦਾ ਹੈ। ਲੋਕ ਇਸ ਦੌਰਾਨ ਸਾਰੀ ਰਾਤ ਭਜਨ ਕਰਦੇ ਹਨ। ਇਹ ਭਗਵਾਨ ਸ਼ਿਵ ਦੇ ਸਤਿਕਾਰ ਵਿੱਚ ਮਨਾਇਆ ਜਾਂਦਾ ਹੈ। ਇਹ ਉਹ ਦਿਨ ਹੈ ਜਦੋਂ ਭਗਵਾਨ ਸ਼ਿਵ ਨੇ ਦੇਵੀ ਪਾਰਵਤੀ ਨਾਲ ਵਿਆਹ ਕੀਤਾ ਸੀ।

2. ਲੋਹੜੀ

   ਲੋਹੜੀ ਹਰ ਸਾਲ 13 ਜਨਵਰੀ ਨੂੰ ਮਨਾਈ ਜਾਂਦੀ ਹੈ। ਇਹ ਅੱਗ ਦੀ ਪੂਜਾ ਕਰਨ ਦਾ ਤਿਉਹਾਰ ਹੈ। ਰਾਤ ਵੇਲੇ ਲੋਕ ਲੋਹੜੀ ਬਾਲ ਕੇ ਇਕੱਠੇ ਹੁੰਦੇ ਹਨ ਅਤੇ ਤਿਲ, ਚੌਲ ਅਤੇ ਮੂੰਗਫਲੀ ਅੱਗ ਵਿਚ ਸੁੱਟਦੇ ਹਨ। ਭਰਪੂਰਤਾ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਲੋਕ ਰਵਾਇਤੀ ਗੀਤ ਗਾ ਕੇ ਅਤੇ ਨੱਚ ਕੇ ਮਜ਼ੇ ਕਰਦੇ ਹਨ।

3. ਹੋਲੀ

ਹੋਲੀ ਰੰਗਾਂ ਦਾ ਤਿਉਹਾਰ ਹੈ। ਹਿੰਦੂ ਇਸ ਤਿਉਹਾਰ ਨੂੰ ਖੁਸ਼ੀ ਨਾਲ ਅਤੇ ਇਕ-ਦੂਜੇ ਉੱਤੇ ਰੰਗੀਨ ਪਾਣੀ ਪਾ ਕੇ ਮਨਾਉਂਦੇ ਹਨ। ਇਹ ਤਿਉਹਾਰ ਬਸੰਤ ਰੁੱਤ ਦੀ ਸ਼ੁਰੂਆਤ ਅਤੇ ਸਰਦੀ ਦੇ ਅੰਤ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।

4. ਦੀਵਾਲੀ

ਦੀਵਾਲੀ ਰੌਸ਼ਨੀਆਂ ਦਾ ਤਿਓਹਾਰ ਹੈ। ਦੀਵਾਲੀ ਹਿੰਦੂਆਂ ਦੁਆਰਾ ਮਨਾਏ ਜਾਣ ਵਾਲੇ ਪ੍ਰਾਚੀਨ ਤਿਉਹਾਰਾਂ ਵਿਚੋਂ ਇਕ ਹੈ। ਦੀਵਾਲੀ ਹਨੇਰੇ ਉੱਤੇ ਪ੍ਰਕਾਸ਼ ਅਤੇ ਬੁਰਾਈ ਉੱਤੇ ਭਲਾਈ ਦੀ ਜਿੱਤ ਦਾ ਪ੍ਰਤੀਕ ਹੈ। ਦੀਵਾਲੀ ਭਗਵਾਨ ਰਾਮ ਅਤੇ ਉਸਦੀ ਪਤਨੀ ਸੀਤਾ ਦੀ 14 ਸਾਲ ਦੇ ਬਨਵਾਸ ਤੋਂ ਵਾਪਸੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੌਰਾਨ ਲੋਕ ਪਟਾਕੇ ਚਲਾਉਂਦੇ ਹਨ ਅਤੇ ਰੌਸ਼ਨੀ ਕਰਦੇ ਹਨ।

5. ਵਿਸਾਖੀ

ਵਿਸਾਖੀ ਇਕ ਵਾਢੀ ਦਾ ਤਿਉਹਾਰ ਹੈ ਅਤੇ ਖਾਸ ਤੌਰ 'ਤੇ ਪੰਜਾਬ ਵਿੱਚ ਮਨਾਇਆ ਜਾਂਦਾ ਹੈ। ਇਹ ਰਬੀ ਫਸਲਾਂ ਦੇ ਪਕਣ ਦਾ ਪ੍ਰਤੀਕ ਹੈ।

6. ਮਕਰ ਸੰਕ੍ਰਾਂਤੀ

ਮਕਰ ਸੰਕ੍ਰਾਂਤੀ (ਮਕਰ ਸੰਕ੍ਰਾਂਤੀ ਜਾਂ ਮਾਘੀ) ਹਿੰਦੂ ਕੈਲੰਡਰ ਵਿੱਚ ਇਕ ਖਾਸ ਸੂਰਜੀ ਦਿਨ ਅਤੇ ਸੂਰਜ ਦੇਵਤੇ ਦੀ ਸ਼ਰਧਾ ਵਿੱਚ ਇਕ ਹਿੰਦੂ ਤਿਉਹਾਰ ਦਰਸਾਉਂਦਾ ਹੈ ਜੋ ਹਰ ਸਾਲ ਜਨਵਰੀ ਵਿਚ ਮਨਾਇਆ ਜਾਂਦਾ ਹੈ। ਇਹ ਸੂਰਜ ਦੇ ਮਕਰ ਵਿੱਚ ਆਉਣ ਦੇ ਪਹਿਲੇ ਦਿਨ ਦਾ ਸੰਕੇਤ ਹੈ। ਮਕਰ ਸੰਕ੍ਰਾਂਤੀ ਨਾਲ ਸੰਬੰਧਿਤ ਤਿਉਹਾਰ ਵੱਖਰੇ ਨਾਂ ਜਿਵੇਂ ਕਿ ਉੱਤਰੀ ਭਾਰਤ ਵਿੱਚ ਲੋਹੜੀ, ਮੱਧ ਭਾਰਤ ਵਿਚ ਸੁਕਰਤ, ਅਸਾਮ ਵਿੱਚ ਭੋਗਲੀ ਬੀਹੂ ਅਤੇ ਤਾਮਿਲ ਤੇ ਹੋਰ ਦੱਖਣੀ ਭਾਰਤ ਵਿੱਚ ਪੋਂਗਲ ਨਾਲ ਜਾਣੇ ਜਾਂਦੇ ਹਨ।

7. ਜਨਮਅਸ਼ਟਮੀ

ਇਹ ਤਿਉਹਾਰ ਅਗਸਤ ਮਹੀਨੇ ਦੇ ਕਾਲੇ ਪੰਦਰਵਾੜੇ ਦੇ ਅੱਠਵੇਂ ਦਿਨ ਮਨਾਇਆ ਜਾਂਦਾ ਹੈ। ਹਿੰਦੂ ਇਸ ਤਿਉਹਾਰ ਨੂੰ ਅੱਧੀ ਰਾਤ ਤੱਕ ਉਪਾਸਨਾ ਕਰ ਕੇ ਅਤੇ ਭਗਵਾਨ ਕ੍ਰਿਸ਼ਨ ਦੀ ਪੂਜਾ ਕਰਕੇ ਮਨਾਉਂਦੇ ਹਨ, ਜਿਸ ਸਮੇਂ ਭਗਵਾਨ ਕ੍ਰਿਸ਼ਨ ਦਾ ਜਨਮ ਹੋਇਆ। ਮੰਦਰਾਂ ਵਿਚ ਭਗਵਦ ਗੀਤਾ ਦਾ ਪਾਠ ਕੀਤਾ ਜਾਂਦਾ ਹੈ।

8. ਨਵਰਾਤ੍ਰੀ / ਦੁਸ਼ਹਰਾ

ਇਸ ਤਿਉਹਾਰ ਦੇ ਪਹਿਲੇ ਨੌਂ ਦਿਨਾਂ ਨੂੰ ਨਵਰਾਤਰੀ ਕਿਹਾ ਜਾਂਦਾ ਹੈ ਅਤੇ ਇਸ ਤਿਉਹਾਰ 'ਤੇ ਲੋਕ ਦੁਰਗਾ ਦੀ ਪੂਜਾ ਕਰਦੇ ਹਨ। ਇਸ ਤਿਉਹਾਰ ਦੌਰਾਨ ਲੋਕ ਨਾਚ ਕਰਦੇ ਹਨ ਜਿਸ ਨੂੰ ਗਰਬਾ ਕਹਿੰਦੇ ਹਨ। ਤਿਉਹਾਰ ਦੇ ਦਸਵੇਂ ਦਿਨ ਦੁਸ਼ਹਰਾ ਹੁੰਦਾ ਹੈ। ਇਹ ਭਗਵਾਨ ਰਾਮ ਦੁਆਰਾ ਰਾਵਣ ਦੀ ਹਾਰ ਦਾ ਜਸ਼ਨ ਮਨਾਉਣ ਲਈ ਸਮਰਪਿਤ ਹੈ। ਪੂਰਬੀ ਭਾਰਤ ਵਿਚ ਇਹ ਤਿਉਹਾਰ ਦੁਰਗਾ ਪੂਜਾ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਲੋਕ ਦੇਵੀ ਦੁਰਗਾ ਦੀ ਮੂਰਤੀਆਂ ਦੀ ਪੂਜਾ ਕਰਦੇ ਹਨ ਅਤੇ ਗੰਗਾ ਦੀ ਪਵਿੱਤਰ ਨਦੀ ਵਿੱਚ ਮੂਰਤੀ ਡੁੱਬਾਉਂਦੇ ਹਨ।

9. ਗਣੇਸ਼ ਚਤੁਰਥੀ

ਇਹ ਸ਼ਾਨਦਾਰ ਗਿਆਰਾਂ ਦਿਨ ਦਾ ਤਿਓਹਾਰ ਹਿੰਦੂਆਂ ਦੇ ਭਗਵਾਨ ਗਣੇਸ਼ ਦੇ ਜਨਮ ਦਾ ਸਨਮਾਨ ਕਰਦਾ ਹੈ। ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ ਅਤੇ ਭਗਵਾਨ ਗਣੇਸ਼ ਨੂੰ ਚੜ੍ਹਾਵੇ ਚੜ੍ਹਾਉਂਦੇ ਹਨ। 11ਵੇਂ ਦਿਨ ਭਗਵਾਨ ਗਣੇਸ਼ ਦੀਆਂ ਮੂਰਤੀਆਂ ਪਾਣੀ ਵਿੱਚ ਡੁਬੋ ਕੇ ਤਿਉਹਾਰ ਦਾ ਅੰਤ ਹੁੰਦਾ ਹੈ। ਇਸ ਤਿਉਹਾਰ ਦੌਰਾਨ ਲੋਕ ਭਜਨ ਅਤੇ ਆਰਤੀ ਕਰਦੇ ਹਨ।

10. ਰਾਮਨਵਾਮੀ

ਰਾਮਨਵਾਮੀ ਦਾ ਤਿਉਹਾਰ ਭਗਵਾਨ ਵਿਸ਼ਨੂੰ ਦੇ ਸੱਤਵੇਂ ਅਵਤਾਰ, ਭਗਵਾਨ ਰਾਮ ਦੇ ਜਨਮ-ਦਿਨ 'ਤੇ ਮਨਾਇਆ ਜਾਂਦਾ ਹੈ। ਹਿੰਦੂ ਕੈਲੰਡਰ ਅਨੁਸਾਰ, ਇਹ ਬਸੰਤ ਰੁੱਤ ਵਿੱਚ ਚੈਤਰ ਮਹੀਨੇ ਦੇ ਨੌਵੇਂ ਦਿਨ ਆਉਂਦਾ ਹੈ। ਰਾਮ ਨੌਮੀ ਦਾ ਜਸ਼ਨ ਚੈਤਰ ਦੇ ਪਹਿਲੇ ਦਿਨ, ਗੁੱਡੀਪੜਵਾ ਤੋਂ ਸ਼ੁਰੂ ਹੁੰਦਾ ਹੈ ਅਤੇ ਨੌਂ ਦਿਨਾਂ ਤੱਕ ਜਾਰੀ ਰਹਿੰਦਾ ਹੈ।

11. ਈਦ-ਉਲ-ਫਿਤਰ (ਰਮਜ਼ਾਨ ਈਦ)

ਇਹ ਤਿਉਹਾਰ ਰਮਜ਼ਾਨ ਦੇ ਮਹੀਨੇ ਦਾ ਅੰਤ ਅਤੇ ਸ਼ਵਾਲ ਦੀ ਸ਼ੁਰੂਆਤ ਦਰਸਾਉਣ ਲਈ ਮਨਾਇਆ ਜਾਂਦਾ ਹੈ। ਮੁਸਲਮਾਨ ਗਰੀਬ ਲੋਕਾਂ ਨੂੰ ਦਾਨ ਅਤੇ ਭੋਜਨ ਦਿੰਦੇ ਹਨ। ਖਾਣੇ ਦੀਆਂ ਚੀਜ਼ਾਂ ਵਿਚ ਖਜੂਰਾਂ, ਜੌਂ, ਕਣਕ ਦੇ ਆਟੇ ਦੀਆਂ ਚੀਜ਼ਾਂ, ਆਦਿ ਸ਼ਾਮਲ ਹੁੰਦੀਆਂ ਹਨ। ਮੁਸਲਮਾਨ ਇਸ ਦਿਨ ਨਵੇਂ ਕੱਪੜੇ ਪਹਿਨਦੇ ਹਨ ਅਤੇ ਪ੍ਰਾਰਥਨਾਵਾਂ ਵਿਚ ਹਿੱਸਾ ਲੈਂਦੇ ਹਨ।

12. ਰਖਸ਼ਾ ਬੰਧਨ

ਭਾਰਤ ਦੇ ਮਸ਼ਹੂਰ ਤਿਉਹਾਰਾਂ ਵਿਚੋਂ ਰਾਖੀ, ਹਿੰਦੂਆਂ ਦੁਆਰਾ ਮਨਾਇਆ ਜਾਂਦਾ ਹੈ। ਇਸ ਤਿਉਹਾਰ ਵਿੱਚ ਭੈਣ ਆਰਤੀ ਕਰਦੀ ਹੈ, ਤਿਲਕ ਲਾਗਾਉਂਦੀ ਹੈ ਅਤੇ ਭਰਾ ਦੀ ਕਲਾਈ 'ਤੇ ਰਾਖੀ ਬੰਨ ਕੇ ਉਸ ਦੀ ਭਲਾਈ ਦੀ ਪ੍ਰਾਰਥਨਾ ਕਰਦੀ ਹੈ। ਭਰਾ, ਬਦਲੇ ਵਿਚ, ਭੈਣ ਦੀ ਰਾਖੀ ਕਰਨ ਦੀ ਸਹੁੰ ਖਾਂਦਾ ਹੈ।

13. ਕ੍ਰਿਸਮਸ

ਕ੍ਰਿਸਮਸ ਯਿਸੂ ਮਸੀਹ ਦੇ ਜਨਮਦਿਨ ਦੇ ਰੂਪ ਵਿੱਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਸੰਸਾਰ ਭਰ ਵਿੱਚ ਈਸਾਈਆਂ ਲਈ ਇਹ ਇੱਕ ਬਹੁਤ ਮਹੱਤਵਪੂਰਨ ਤਿਉਹਾਰ ਹੈ। ਭਾਰਤ ਵਿਚ ਵੀ ਈਸਾਈ ਅਤੇ ਹੋਰ ਧਰਮ ਦੇ ਲੋਕ ਕ੍ਰਿਸਮਸ ਬਹੁਤ ਖੁਸ਼ੀ ਨਾਲ ਮਨਾਉਂਦੇ ਹਨ। ਕ੍ਰਿਸਮਸ ਤੋਂ ਇਕ ਦਿਨ ਪਹਿਲਾਂ ਸੈਂਟਾ ਕਲਾਜ਼ ਘਰ-ਘਰ ਜਾ ਕੇ ਬੱਚਿਆਂ ਨੂੰ ਤੋਹਫੇ ਦਿੰਦਾ ਹੈ।

**ਰਾਸ਼ਟਰੀ ਤਿਉਹਾਰ**

1. ਗਾਂਧੀ ਜੈਅੰਤੀ

ਹਰ ਸਾਲ, 2 ਅਕਤੂਬਰ, ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਜਨਮ ਦਿਨ ਦੀ ਯਾਦ ਵਿਚ ਗਾਂਧੀ ਜੈਅੰਤੀ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਮਹਾਤਮਾ ਗਾਂਧੀ ਜੀ ਦਾ ਜਨਮ 2 ਅਕਤੂਬਰ, 1869 ਨੂੰ ਗੁਜਰਾਤ ਰਾਜ ਦੇ ਪੋਰਬੰਦਰ ਸ਼ਹਿਰ ਵਿਚ ਇਕ ਹਿੰਦੂ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕਰਮ ਚੰਦ ਗਾਂਧੀ ਪੋਰਬੰਦਰ ਰਾਜ ਦੇ ਦੀਵਾਨ ਸਨ, ਜੋ ਕਿ ਬ੍ਰਿਟਿਸ਼ ਭਾਰਤ ਦੀ ਕਾਠੀਵਰ ਏਜੰਸੀ ਵਿੱਚ ਇਕ ਛੋਟੀ ਰਿਆਸਤ ਸੀ।

2. ਆਜ਼ਾਦੀ ਦਿਵਸ

ਹਰ ਸਾਲ 15 ਅਗਸਤ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਭਾਰਤ ਬ੍ਰਿਟਿਸ਼ ਰਾਜ ਤੋਂ ਆਜ਼ਾਦ ਹੋਇਆ ਸੀ। ਇਹ ਸ਼ੁਭ ਦਿਨ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ, ਭਾਰਤ ਦੇ ਜਨਮ ਦੇ ਰੂਪ ਵਜੋਂ ਵੀ ਦਰਸਾਇਆ ਜਾਂਦਾ ਹੈ। ਸੁਤੰਤਰਤਾ ਦਿਵਸ ਭਾਰਤ ਦੇ ਤਿੰਨ ਰਾਸ਼ਟਰੀ ਤਿਉਹਾਰਾਂ ਵਿੱਚੋਂ ਇਕ ਹੈ ਅਤੇ ਇਹ ਵੱਖੋ-ਵੱਖਰੇ ਸਭਿਆਚਾਰਾਂ ਅਤੇ ਧਰਮਾਂ ਦੇ ਲੋਕਾਂ ਨੂੰ ਏਕਤਾ ਅਤੇ ਭਾਈਚਾਰੇ ਦੇ ਬੰਧਨ ਵਿਚ ਬੰਨ੍ਹਦਾ ਹੈ।

3. ਗਣਤੰਤਰ ਦਿਵਸ

26 ਜਨਵਰੀ ਨੂੰ ਹਰ ਸਾਲ ਭਾਰਤ ਆਪਣਾ ਗਣਤੰਤਰ ਦਿਵਸ ਮਨਾਉਂਦਾ ਹੈ। ਇਹ ਭਾਰਤ ਦੀਆਂ ਕੌਮੀ ਛੁੱਟੀਆਂ ਵਿਚੋਂ ਇੱਕ ਹੈ ਅਤੇ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਦਿਨ ਮੰਨਿਆ ਜਾਂਦਾ

ਹੈ। ਇਸ ਦਿਨ 1950 ਵਿੱਚ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ ਅਤੇ ਭਾਰਤ ਇੱਕ ਸੰਪੂਰਨ ਗਣਰਾਜ ਬਣ ਗਿਆ ਸੀ।

### 2.3.6 ਭਾਰਤੀ ਤਿਉਹਾਰਾਂ ਦੀ ਕਲਾਤਮਕ ਮਹੱਤਤਾ:

1. ਕਲਾ ਦੇ ਵੱਖ-ਵੱਖ ਰੂਪਾਂ ਦਾ ਪ੍ਰਦਰਸ਼ਨ- ਲੋਕ ਤਿਉਹਾਰਾਂ ਰਾਹੀਂ ਕਲਾ ਦੇ ਵੱਖ-ਵੱਖ ਰੂਪ ਦਿਖਾਉਂਦੇ ਹਨ। ਪੇਟਿੰਗ, ਗਾਇਨ, ਸੰਗੀਤ, ਨਾਚ, ਡਰਾਮਾ ਆਦਿ ਦੀਆਂ ਪ੍ਰਤੀਯੋਗਤਾਵਾਂ ਭਾਰਤੀ ਤਿਉਹਾਰਾਂ ਦਾ ਹਿੱਸਾ ਹਨ।
2. ਭਗਵਾਨ ਅਤੇ ਦੇਵਤਿਆਂ ਦੀ ਭੂਮਿਕਾ ਨਿਭਾਉਣਾ- ਤਿਉਹਾਰਾਂ ਦੀ ਸ਼ਲਾਘਾ ਕੁਝ ਕਲਪਨਾ ਨਾਲ ਹੀ ਕੀਤੀ ਜਾ ਸਕਦੀ ਹੈ। ਜਦ ਕੋਈ ਵਿਅਕਤੀ ਦੁਰਗਾ ਪੂਜਾ ਵਿਚ ਹਿੱਸਾ ਲੈਂਦਾ ਹੈ ਜਾਂ ਰਾਮ ਲੀਲਾ ਵਿਚ ਹਿੱਸਾ ਲੈਂਦਾ ਹੈ, ਤਾਂ ਉਹ ਅਦਿੱਖ ਚੀਜ਼ਾਂ ਦੇ ਪਿੱਛੇ ਅਸਲ ਦੀ ਕਲਪਨਾ ਕਰਦਾ ਹੈ। ਅਦਾਕਾਰੀ ਕਲਾ ਦਾ ਇੱਕ ਰੂਪ ਹੈ ਅਤੇ ਗੁੱਸਾ, ਉਦਾਸੀ, ਨਟਰਾਜ ਵਰਗੇ ਨਾਚ, ਧਾਰਮਿਕ ਸ਼ੋਆਂ ਦੌਰਾਨ ਦੇਵੀ/ਦੇਵਤਿਆਂ ਤੇ ਸ਼ੈਤਾਨਾਂ ਵਿਚਕਾਰ ਲੜਾਈ, ਕਲਾਤਮਕ ਹੁਨਰ ਨੂੰ ਸਭ ਤੋਂ ਵਧੀਆ ਢੰਗ ਨਾਲ ਪੇਸ਼ ਕਰਦੇ ਹਨ।
3. ਖੁਸ਼ੀ ਦਾ ਪ੍ਰਗਟਾਵਾ- ਤਿਉਹਾਰ ਇਕ ਤਰ੍ਹਾਂ ਨਾਲ ਖੁਸ਼ੀ ਦਾ ਪ੍ਰਗਟਾਵਾ ਹਨ। ਜਦੋਂ ਲੋਕ ਵਾਢੀ ਦੇ ਵੇਲੇ ਖੁਸ਼ੀ ਮਹਿਸੂਸ ਕਰਦੇ ਹਨ ਤਾਂ ਸਮੁੱਚੀ ਕੌਮ ਉਤਸ਼ਾਹ ਨਾਲ ਭਰ ਜਾਂਦੀ ਹੈ ਅਤੇ ਉਹ ਤਿਉਹਾਰਾਂ ਵਿਚ ਕਲਾ ਅਤੇ ਸੁਹਜ ਦੇ ਦੁਆਰਾ ਆਪਣੀ ਖੁਸ਼ੀ ਦਾ ਪ੍ਰਦਰਸ਼ਨ ਕਰਦੇ ਹਨ।
4. ਰੰਗਾਂ ਦੀ ਮਹੱਤਤਾ- ਰੰਗ ਸਾਡੀਆਂ ਭਾਵਨਾਵਾਂ ਦੇ ਪ੍ਰਤੀਕ ਹਨ। ਤਿਉਹਾਰਾਂ ਦੇ ਦੌਰਾਨ ਲੋਕ ਅਤੇ ਬੱਚੇ ਰੰਗਦਾਰ ਕੱਪੜੇ ਪਹਿਨਦੇ ਹਨ ਅਤੇ ਰੰਗੀਨ ਚੀਜ਼ਾਂ ਖਰੀਦਦੇ ਹਨ ਜੋ ਜ਼ਿੰਦਗੀ ਪ੍ਰਤੀ ਸਕਾਰਾਤਮਕ ਰਵਈਆ ਵਿਕਸਿਤ ਕਰਦੀਆਂ ਹਨ।
5. ਸਿਰਜਣਾਤਮਕ ਸਵੈ੍ਪ੍ਰਗਟਾਵੇ ਲਈ ਇਕ ਮੰਚ- ਤਿਉਹਾਰ ਇਹੋ ਜਿਹੇ ਮੌਕੇ ਹੁੰਦੇ ਹਨ ਜਦੋਂ ਕੋਈ ਵਿਅਕਤੀ ਰੋਜ਼ਾਨਾ ਜੀਵਨ ਦੇ ਦੁੱਖਾਂ ਅਤੇ ਤਕਲੀਫਾਂ ਨੂੰ ਭੁਲਾ ਕੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਾ ਹੈ। ਕਲਾ ਕਿਸੇ ਤਰ੍ਹਾਂ ਦਾ ਨਾਚ, ਸੰਗੀਤ, ਪੇਂਟਿੰਗ, ਫੋਟੋਗਰਾਫੀ ਅਤੇ ਸਾਹਿਤ ਹੋ ਸਕਦੀ ਹੈ। ਕਲਾਕਾਰ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਖੁੱਲ੍ਹੇ ਕੇ ਪ੍ਰਗਟ ਕਰਦਾ ਹੈ।
6. ਸੁਹਜਾਤਮਕਤਾ ਵਿਕਸਤ ਕਰਨਾ- ਤਿਉਹਾਰਾਂ ਦੇ ਦੌਰਾਨ ਪੂਰੇ ਘਰ ਦੇ ਨਾਲ-ਨਾਲ ਆਲੇ-ਦੁਆਲੇ ਦੀ ਵੀ ਸਾਫ ਸਫਾਈ ਕੀਤੀ ਜਾਂਦੀ ਹੈ। ਲੋਕ ਨਾ ਸਿਰਫ ਆਪਣੇ ਘਰ ਦੀ ਸਗੋਂ ਆਪਣੇ ਆਲੇ ਦੁਆਲੇ ਦੀ ਸੁੰਦਰਤਾ ਨੂੰ ਵੀ ਮਹੱਤਵ ਦਿੰਦੇ ਹਨ। ਤਿਉਹਾਰ ਲੋਕਾਂ ਦੇ ਜੀਵਨ ਵਿੱਚ ਸੁਹਜ ਦੀ ਭਾਵਨਾ ਪ੍ਰਦਾਨ ਕਰਦੇ ਹਨ।

### 2.3.7 ਸਾਰ

ਸਿੱਖਿਆ ਅਧਿਆਪਨ ਅਤੇ ਸਿੱਖਣ ਦੇ ਮਿਸਰਨ ਦੀ ਇਕ ਪ੍ਰਕਿਰਿਆ ਹੈ, ਸਿਧਾਂਤਕ ਗਿਆਨ (Theoretical knowledge) ਤੋਂ ਇਲਾਵਾ ਸਿੱਖਿਆ ਪ੍ਰਣਾਲੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜਿਕ ਕੁਸ਼ਲਤਾ (social skills) ਤੇ ਸਾਫਟ ਸਕਿਲ (soft skill) ਨੂੰ ਵਿਕਸਿਤ ਕਰਨਾ ਹੈ। ਪ੍ਰਦਰਸ਼ਨੀ ਇਕੋ ਸਮੇਂ ਤੇ ਇਹਨਾਂ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਦਾ ਇਕ ਸਾਧਨ ਹੈ। ਪ੍ਰਦਰਸ਼ਨੀ ਅਧਿਆਪਨ-ਸਿੱਖਿਆ ਪ੍ਰਣਾਲੀ (teaching learning process) ਦਾ ਇਕ ਬਿਹਤਰ ਸਾਧਨ ਹੈ ਜੋ ਨੌਜਵਾਨ ਪੀੜ੍ਹੀ ਵਿੱਚ ਮੁਕਾਬਲੇ ਦੀ ਭਾਵਨਾ ਨੂੰ ਵਿਕਸਿਤ ਕਰਦੀ ਹੈ।

ਭਾਰਤ ਦੇ ਲੋਕਾਂ ਦੀ ਭਾਵਨਾ ਸਾਰਾ ਸਾਲ ਉਨ੍ਹਾਂ ਦੁਆਰਾ ਮਨਾਏ ਜਾਂਦੇ ਤਿਉਹਾਰਾਂ ਵਿੱਚ ਪ੍ਰਗਟ ਹੁੰਦੀ ਹੈ। ਦੇਵੀ ਤੇ ਦੇਵਤਿਆਂ, ਸੰਤ ਤੇ ਨਬੀ, ਇਤਿਹਾਸ, ਸਭਿਆਚਾਰ ਦੇ ਉਤਸ਼ਾਹ ਭਰੇ ਜਸ਼ਨ ਅਤੇ ਨਵੇਂ ਮੌਸਮ ਦਾ ਆਗਮਨ ਦੇਸ਼ ਭਰ ਵਿੱਚ ਲਗਭਗ ਰੋਜ਼ਾਨਾ ਹੁੰਦਾ ਹੈ। ਇਹਨਾਂ ਰੰਗੀਨ ਤਿਉਹਾਰਾਂ ਵਿੱਚ ਹਿੱਸਾ ਲੈ ਕੇ,

ਅੱਜ ਭਾਰਤ ਦੀ ਸ਼ਕਤੀ ਵੇਖੀ ਜਾ ਸਕਦੀ ਹੈ ਜਿਸ ਤਰ੍ਹਾਂ ਇਸ ਨੇ ਆਪਣੇ ਦਿਲਚਸਪ ਅਤੀਤ ਦੀ ਪਰੰਪਰਾ ਨੂੰ ਅਪਨਾਇਆ ਹੈ।

### 2.3.8 ਮੁੱਖ ਬਿੰਦੂ

1. ਪ੍ਰਦਰਸ਼ਨੀ- ਪ੍ਰਦਰਸ਼ਨੀ ਸਭ ਤੋਂ ਆਮ ਅਰਥਾਂ ਵਿਚ ਇਕ ਸੰਗਠਿਤ ਪੇਸ਼ਕਾਰੀ ਅਤੇ ਆਈਟਮਾਂ ਦੀ ਇਕ ਚੋਣ ਦਾ ਪ੍ਰਦਰਸ਼ਨ ਹੈ
2. ਸੱਭਿਆਚਾਰਕ ਤਿਉਹਾਰ- ਭਾਰਤ ਪੂਰੀ ਦੂਨੀਆਂ ਵਿੱਚ ਸਭਿਆਚਾਰਕ ਅਤੇ ਰਿਵਾਇਤੀ ਤਿਉਹਾਰਾਂ ਦਾ ਇੱਕ ਦੇਸ਼ ਮੰਨਿਆ ਜਾਂਦਾ ਹੈ

### 2.3.9 ਸੁਝਾਏ ਗਏ ਪ੍ਰਸ਼ਨ

1. ਪ੍ਰਦਰਸ਼ਨੀ ਕੀ ਹੈ?
2. ਪ੍ਰਦਰਸ਼ਨੀਆਂ ਦੀ ਮਹੱਤਤਾ ਬਾਰੇ ਦੱਸੋ।
3. ਪ੍ਰਦਰਸ਼ਨੀਆਂ ਦੀਆਂ ਕਿਸਮਾਂ ਕੀ ਹਨ?
4. ਕੁਝ ਸਭਿਆਚਾਰਕ ਮੇਲਿਆਂ ਦੀ ਸੂਚੀ ਬਣਾਉ ਅਤੇ ਉਨ੍ਹਾਂ ਦੀ ਮਹੱਤਤਾ ਬਾਰੇ ਦੱਸੋ।
5. ਭਾਰਤੀ ਤਿਉਹਾਰਾਂ ਵਿਚ ਰੰਗਾਂ ਦਾ ਕੀ ਮਹੱਤਵ ਹੈ।

### 2.3.10 ਸਵੈ-ਮੁਲਾਂਕਣ

1. ਸਿੱਖਿਅਕ ਪ੍ਰਦਰਸ਼ੀਆਂ.................. ਵਿਚੋ ਸਿਖਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਲਗਾਈਆਂ ਜਾਂਦੀਆਂ ਸਨ।
2. ਅਜਾਇਬ ਘਰ, ਗੈਲਰੀਆਂ, ਲਾਇਬ੍ਰੇਰੀ................. ਪ੍ਰਦਰਸ਼ਨੀ ਦੇ ਉਦੇਸ਼ ਵਜੋਂ ਵਰਤੇ ਜਾਂਦੇ ਹਨ।
3. ਪ੍ਰਦਰਸ਼ਨੀਆਂ ਦੋ ਕਿਸਮਾਂ ਦੀਆਂ ਹਨ- ਮੌਖਿਕ ਪ੍ਰਦਰਸ਼ਨੀ ਅਤੇ ............. ਪ੍ਰਦਰਸ਼ਨੀ।
4. ਮਿਲਾਨ ਕਰੋ:-

| | | |
|---|---|---|
| 1. | ਗਾਂਧੀ ਜਯੰਤੀ | ਖੇਤਰੀ ਪੱਧਰ |
| 2. | ਲੋਹੜੀ | ਰਾਸ਼ਟਰੀ ਪੱਧਰ |
| 3. | ਗਣਤੰਤਰ ਦਿਵਸ | ਖੇਤਰੀ ਪੱਧਰ |
| 4. | ਦਿਵਾਲੀ | ਰਾਸ਼ਟਰੀ ਪੱਧਰ |
| 5. | ਸੁਤੰਤਰਤਾ ਦਿਵਸ | ਖੇਤਰੀ ਪੱਧਰ |
| 6 | ਮਹਾ ਸ਼ਿਵਾਰਾਤਰੀ | ਰਾਸ਼ਟਰੀ ਪੱਧਰ |

ਉੱਤਰਮਾਲਾ:

1. ਸਿੱਖਿਅਕ ਸੰਸਥਾਵਾਂ
2. ਪ੍ਰਦਰਸ਼ਨੀ ਹਾਲ
3. ਮਲਟੀਮੀਡੀਆ
4. 1) ਰਾਸ਼ਟਰੀ ਪੱਧਰ 2) ਖੇਤਰੀ ਪੱਧਰ 3) ਰਾਸ਼ਟਰੀ ਪੱਧਰ 4) ਖੇਤਰੀ ਪੱਧਰ 5) ਰਾਸ਼ਟਰੀ ਪੱਧਰ 6) ਖੇਤਰੀ ਪੱਧਰ

### 2.3.11 ਸੁਝਾਈਆਂ ਪੁਸਤਕਾਂ

1. ਭਾਰਤੀ, ਚੇਤਨਾ . (2010) . ਟੀਚਿੰਗ ਆਫ ਫਾਇਨ ਆਰਟਸ, ਕਲਿਆਣੀ ਪਬਲੀਸ਼ਰਜ਼, ਲੁਧਿਆਣਾ।

2. ਸ਼ਰਮਾ, ਐਲ. ਸੀ. (1997) ਏ ਬਰੀਫ ਹਿਸਟਰੀ ਆਫ ਇੰਡੀਅਨ ਪੇਂਟਿੰਗ, ਗੋਇਲ ਪਬਲੀਸ਼ਿੰਗ ਹਾਊਸ, ਮੇਰਠ।
3. ਪਰਧਾਨ, ਐਸ.ਆਰ. & ਸਿੰਗਲਾ, ਡੀ. (2015). ਆਰਟਸ ਇਨ ਐਜੂਕੇਸ਼ਨ. ਟਵਨਟੀਫਰਸਟ ਸੈਨਚਰੀ ਪਬਲੀਕੇਸ਼ਨਜ਼, ਪਟਿਆਲਾ।
4. www.culturalindia.net/
5. www.pureart.in/
6. www.encyclopedia.com/

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.